ੴ ਵਾਹਿਗੁਰੂ ਜੀ ਕੀ ਫ਼ਤਹਿ ॥

23

# ਸ਼ਬਦ ਗੁਰੂ ਅਤੇ ਦੇਹਧਾਰੀ ਗੁਰੂ ਡੰਮ੍ਹ

★ ਨਕਲੀ ਨਿਰੰਕਾਰੀ
★ ਰਾਧਾ ਸੁਆਮੀ
★ ਕੂਕਾ ਗੁਰੂ ਡੰਮ੍ਹ
ਦੀ ਅਸਲੀਅਤ



5 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)

SUNIL ARTS JALAND

# ਗੁਰੂ

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਇਹ 'ਗ੍ਰੀ' ਧਾਤੂ ਤੋਂ ਬਣਿਆ ਹੈ ਅਤੇ ਇਸ ਦੇ ਅਰਥ ਹਨ: ਨਿਗਲ ਜਾਣਾ, ਖਾ ਜਾਣਾ, ਸਮਝਾਉਣਾ। ਭਾਵ, ਗੁਰੂ ਉਹ ਹੈ ਜੋ ਅਗਿਆਨ ਰੂਪੀ ਹਨ੍ਹੇਰੇ ਨੂੰ ਗਿਆਨ-ਰੂਪੀ ਪ੍ਰਕਾਸ਼ ਦੁਆਰਾ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ-ਗਿਆਨ ਦੀ ਸੋਝੀ ਕਰਾਉਂਦਾ ਹੈ। ਇਸ ਤਰ੍ਹਾਂ ਗੁਰੂ ਦੇ ਅਰਥ, ਪ੍ਰਕਾਸ਼, ਪ੍ਰਕਾਸ਼ ਸਰੂਪ ਸਿਖਿਆ ਦਾਤਾ, ਆਤਮਿਕ ਗਿਆਨ ਦੇਣ ਵਾਲਾ, ਵੱਡਾ ਅਤੇ ਸ੍ਰੇਸ਼ਟ ਬੁਧੀ ਵਾਲਾ ਕੀਤੇ ਜਾ ਸਕਦੇ ਹਨ। ਸੋ, ਗੁਰੂ ਉਹ ਹਸਤੀ/ਸ਼ਖਸੀਅਤ ਹੈ ਜੋ ਕਿਸੇ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ 'ਚੋਂ ਕੱਢ ਕੇ ਉਸ ਵਿੱਚ ਗਿਆਨ ਦਾ ਪ੍ਰਕਾਸ਼ ਕਰਨ ਦੇ ਸਮਰੱਥ ਹੋਵੇ।

ਇਥੇ ਇਹ ਗਲ ਚੇਤੇ ਰਹੇ ਕਿ ਅਗਿਆਨਤਾ ਤਾਂ ਦੂਰ ਹੁੰਦੀ ਹੈ ਗਿਆਨ ਨਾਲ ਅਤੇ ਸਰੀਰ ਜਿਸ ਵਿਚੋਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਉਹ ਹੈ ਇਕ ਵਸੀਲਾ (ਮੀਡੀਆ)। ਜਿਵੇਂ ਘੜੇ ਵਿੱਚ ਪਇਆ ਪਾਣੀ – ਪਾਣੀ ਅਸਲ ਵਸਤੂ ਹੈ ਜੋ ਕਿਸੇ ਦੀ ਪਿਆਸ ਬੁਝਾ ਸਕਦੀ ਹੈ, ਪਰ ਘੜਾ ਉਸ ਪਾਣੀ ਨੂੰ ਟਿਕਾਈ ਰੱਖਦਾ ਹੈ। ਘੜਾ ਕਿਸੇ ਦੀ ਪਿਆਸ ਨਹੀਂ ਬੁਝਾ ਸਕਦਾ। ਇਸ ਪ੍ਰਕਾਰ ਸਰੀਰ ਇੱਕ ਘੜਾ ਹੈ, ਗਿਆਨ ਪਾਣੀ ਦੀ ਨਿਆਈਂ ਹੈ।

ਪਰ ਮਨੁੱਖ ਨੂੰ ਸ਼ੁਰੂ ਤੋਂ ਹੀ ਇਹ ਭੁਲੇਖਾ ਬਣਿਆ ਰਿਹਾ ਕਿ ਸਰੀਰ ਹੀ ਗੁਰੂ ਹੈ ਅਤੇ ਇਸ ਤਰ੍ਹਾਂ ਸਰੀਰ ਦੀ ਹੀ ਪੂਜਾ ਹੁੰਦੀ ਰਹੀ ਅਤੇ ਹੋ ਰਹੀ ਹੈ। ਇਸੇ ਲਈ ਜਦ ਤਕ ਮਨੁੱਖ ਜੀਉਂਦਾ ਸੀ ਉਸਦੇ ਸਰੀਰ ਦੀ ਪੂਜਾ ਹੁੰਦੀ ਰਹੀ ਅਤੇ ਉਸ ਦੇ ਮਰਨ ਉਪਰੰਤ ਉਸਦੇ ਸਰੀਰ ਦੀ ਜਗ੍ਹਾ ਲੈ ਲਈ ਉਸ ਦੀ ਮੂਰਤੀ ਨੇ ਜਾਂ ਤਸਵੀਰ ਨੇ।

ਇਹੀ ਕਾਰਣ ਹੈ ਅੱਜ ਥਾਂ ਥਾਂ ਤੇ ਮੂਰਤੀਆਂ ਟਿਕੀਆਂ ਹੋਈਆਂ ਨੇ ਅਤੇ ਸ਼ਰਧਾਵਾਨ ਉਨ੍ਹਾ ਦੀ ਅਨੇਕ ਢੰਗਾਂ ਨਾਲ ਪੂਜਾ ਕਰ ਰਹੇ ਨੇ। ਅਸਲ ਗਿਆਨ ਜੋ ਗੁਰੂ ਰੂਪ ਹੈ ਅਤੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਹੈ ਉਹ ਤਾਂ ਅਲੋਪ ਹੀ ਹੋ ਗਿਆ ਜਾਪਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਆਰੰਭ ਤੋਂ ਹੀ ਮਨੁੱਖ ਦੀ ਇਸ ਕਮਜ਼ੋਰੀ ਨੂੰ ਭਾਂਪ ਲਿਆ ਅਤੇ ਸਰੀਰਕ ਪੂਜਾ ਦੀ ਥਾਂ ਸ਼ਬਦ (ਗਿਆਨ) ਦੀ ਪੂਜਾ ਨੂੰ ਪ੍ਰਚਾਰਿਆ। ਜਿਸ ਸਮੇਂ ਗੁਰੂ ਨਾਨਕ ਪਾਤਸ਼ਾਹ ਸੰਸਾਰ ਵਿੱਚ ਵਿਚਰੇ, ਯੋਗ ਮੱਤ ਦਾ ਬੋਲ ਬਾਲਾ ਸੀ ਅਤੇ ਯੋਗੀ ਆਪਣੇ ਆਪ ਨੂੰ ਸੰਸਾਰ ਦਾ ਗੁਰੂ ਮੰਨ ਬੈਠੇ ਸਨ। ਗੁਰੂ ਨਾਨਕ ਸਾਹਿਬ ਨਾਲ ਸਿੱਧਾਂ ਦੀ ਹੋਈ ਗੋਸ਼ਟ (ਚਰਚਾ) ਦਾ ਵਿਸ਼ਾ ਭੀ 'ਗੁਰੂ' ਸੀ। 'ਸਿੱਧ ਗੋਸਟਿ' ਵਿੱਚ ਅੰਕਿਤ ਸਿੱਧਾਂ ਦਾ ਪ੍ਰਸ਼ਨ ਅਤੇ ਗੁਰੂ ਨਾਨਕ ਪਾਤਸ਼ਾਹ ਦਾ ਉਤਰ ਇਸ ਗੱਲ ਨੂੰ ਇਸ ਪ੍ਰਕਾਰ ਸਪੱਸ਼ਟ ਕਰਦਾ ਹੈ :

ਪ੍ਰਸ਼ਨ : "ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥"

ਉੱਤਰ : ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

(ਪੰਨਾ ੯੪੨-੪੩)

ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਗੁਰੂ ਦਾ ਵਿਚਾਰ (concept) ਸੰਸਾਰ ਵਿੱਚ ਪ੍ਰਗਟ ਕੀਤਾ ਅਤੇ ਇਸਨੂੰ ਦ੍ਰਿੜਾਉਣ ਲਈ ੨੩੯ ਸਾਲ ਵਖ-ਵਖ ਦਸ ਸਰੂਪਾਂ ਵਿਚ ਰਹਿ ਕੇ ਲਗਾਏ। ਸਰੀਰ ਨੂੰ ਕੇਵਲ ਇਕ ਵਸੀਲਾ ਹੀ ਸਮਝਿਆ। ਇਸੇ ਲਈ ਗਿਆਨ ਕਿਸੇ ਵੀ ਸਰੀਰ ਵਿਚੋਂ ਪ੍ਰਗਟ ਹੋਇਆ ਹੋਵੇ ਉਸਨੂੰ ਪ੍ਰਵਾਨ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਸੇ ਲਈ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁੱਟ ਅਨੇਕਾਂ ਭਗਤਾਂ ਦੀ ਬਾਣੀ ਨੂੰ ਅੰਕਿਤ ਕੀਤਾ ਗਿਆ ਹੈ।

## ਗੁਰੂ ਦੀ ਲੋੜ

ਗੁਰੂ ਦੀ ਲੋੜ ਤਾਂ ਮਨੁੱਖ ਨੂੰ ਜਨਮ ਲੈਂਦੇ ਸਾਰ ਹੀ ਸ਼ੁਰੂ ਹੋ ਜਾਂਦੀ ਹੈ। ਇਹ ਗਲ ਤਾਂ ਸਾਇੰਸ ਵੀ ਮੰਨਦੀ ਹੈ ਕਿ ਅਗਰ ਕਿਸੇ ਬੱਚੇ ਨੂੰ ਜੰਮਦੇ ਸਾਰ ਹੀ ਕਿਸੇ ਐਸੀ ਥਾਵੇਂ ਰਖ ਦਿੱਤਾ ਜਾਵੇ ਜਿਥੇ ਉਸਦੇ ਕੰਨਾਂ ਵਿੱਚ ਕਿਸੇ ਕਿਸਮ ਦੀ ਆਵਾਜ਼ ਨਾ ਪਵੇ ਤਾਂ ਉਹ ਬੱਚਾ ਗੁੰਗਾ ਹੀ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਜੰਮਦੇ ਸਾਰ ਉਸ ਬੱਚੇ ਦਾ "ਗੁਰੂ" ਮਾਂ, ਬਾਪ, ਭੈਣ, ਭਰਾ ਅਤੇ ਹੋਰ ਸੰਬੰਧੀ ਹੋਵਣ ਜਿਨ੍ਹਾਂ ਦੇ ਸ਼ਬਦਾਂ ਰਾਹੀਂ ਬੱਚਾ ਕੁਝ ਸੁਣਦਾ ਹੈ ਅਤੇ ਫਿਰ ਬੋਲਣ ਲਗਦਾ ਹੈ। ਇਹ ਆਰੰਭਕ ਗਿਆਨ ਹੈ। ਪਰ ਇਸ ਦੀ ਹੋਂਦ ਸ਼ਬਦ ਰਾਹੀਂ ਹੀ ਹੈ।

ਇਸ ਤੋਂ ਬਾਦ ਸਕੂਲ, ਕਾਲਜ, ਯੂਨੀਵਰਸਿਟੀਆਂ ਦੇ ਅਧਿਆਪਕ ਆਪਣੇ ਸ਼ਬਦਾਂ ਰਾਹੀਂ ਸੰਸਾਰਕ ਗਿਆਨ ਮਨੁੱਖ ਨੂੰ ਦਿੰਦੇ ਹਨ, ਜਿਸ ਰਾਹੀਂ ਮਨੁੱਖ ਚੰਗਾ ਸੰਸਾਰਕ ਜੀਵਨ (ਭਾਵੇਂ ਉਹ ਚੰਗੀ ਨੌਕਰੀ ਹੋਵੇ, ਚੰਗਾ ਵਪਾਰ ਹੋਵੇ ਜਾਂ ਕੁਝ ਹੋਰ ਹੋਵੇ) ਬਤੀਤ ਕਰਨ ਯੋਗ ਬਣਦਾ ਹੈ।

ਜਿਸ ਤਰ੍ਹਾਂ ਚੰਗਾ ਸੰਸਾਰਕ ਜੀਵਨ ਜ਼ਰੂਰੀ ਹੈ ਉਸਤੋਂ ਕਿਤੇ ਵਧੇਰੇ ਜ਼ਰੂਰੀ ਅਤੇ ਲੋੜੀਂਦਾ ਹੈ ਆਤਮਕ ਜੀਵਨ ਅਤੇ ਉਸਦੀ ਪ੍ਰਾਪਤੀ ਆਤਮਕ ਗਿਆਨ ਰਾਹੀਂ ਹੁੰਦੀ ਹੈ ਜੋ ਸ਼ਬਦ ਗੁਰੂ ਦਵਾਰਾ ਮਨੁੱਖਤਾ ਦੀ ਝੋਲੀ ਵਿੱਚ ਪਾਇਆ ਹੈ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਸ਼ਬਦਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਦੇ ਕੇ।

ਇਹ ਬਾਣੀ (ਸ਼ਬਦ ਗੁਰੂ) ਇਕ ਜੀਵਨ ਜਾਚ ਹੈ ਤੇ ਇਸ ਅਨੁਸਾਰ ਜੀਵਨ ਕਮਾ ਕੇ ਮਨੁੱਖ ਅਕਾਲ ਪੁਰਖ ਵਰਗਾ ਹੀ ਹੋ ਜਾਂਦਾ ਹੈ। ਇਥੇ ਇਹ ਸਪੱਸ਼ਟ ਕਰਨਾ ਅਤਿ ਆਵਸ਼ਕ ਹੈ ਕਿ ਬਾਣੀ ਜੀਉਣ ਲਈ ਹੈ ਨਾ ਕਿ ਮੰਤਰ ਰੂਪ ਵਿਚ ਪੜ੍ਹਨ ਲਈ।

ਗੁਰੂ ਦੀ ਲੋੜ ਬਾਣੀ ਵਿਚ ਥਾਂ ਥਾਂ ਤੇ ਦ੍ਰਿੜਾਈ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਤੋਂ ਪਹਿਲਾਂ ਅੰਕਤ ਮੂਲ ਮੰਤਰ ਵਿੱਚ ਪ੍ਰਭੂ ਦੇ ਮਿਲਣ ਦਾ ਤਰੀਕਾ 'ਗੁਰ ਪ੍ਰਸਾਦਿ' (ਗੁਰੂ ਦੀ ਕਿਰਪਾ ਰਾਹੀਂ) ਬਿਆਨ ਕੀਤਾ ਹੈ। ਆਸਾ ਕੀ ਵਾਰ ਦੀ ਛੇਵੀਂ ਪਉੜੀ ਵਿਚ ਇਸੇ ਨੁਕਤੇ ਨੂੰ ਸਪਸ਼ਟ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ :-

ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ॥

(ਪੰਨਾ ੪੬੬)

ਗੁਰੂ ਅੰਗਦ ਦੇਵ ਜੀ ਗੁਰੂ ਦੀ ਲੋੜ ਆਸਾ ਕੀ ਵਾਰ ਵਿਚ ਹੇਠ ਲਿਖੀਆਂ ਤੁਕਾਂ ਰਾਹੀਂ ਇਸ ਤਰ੍ਹਾਂ ਕਰਾਉਂਦੇ ਹਨ :

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ॥

(ਆਸਾ ਕੀ ਵਾਰ, ੪੬੩)

ਗੁਰੂ ਤੋਂ ਬਿਨਾਂ ਅੰਤਰ-ਆਤਮੇ ਦਾ ਅੰਧਕਾਰ ਦੂਰ ਨਹੀਂ ਹੁੰਦਾ। ਗੁਰੂ ਹੀ ਇਕ ਅਜਿਹੀ ਹਸਤੀ ਹੈ ਜੋ ਪਾਪ ਰਹਿਤ, ਆਦਰਸ਼ਕ ਤੇ ਸੰਪੂਰਨ ਸ਼ਖਸੀਅਤ ਹੁੰਦੀ ਹੈ। ਇਸੇ ਲਈ ਬਾਣੀ ਵਿਚ ਕਿਹਾ ਗਿਆ ਹੈ :

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ॥

(ਸਿਰੀਰਾਗੁ, ਮ:੧, ਪੰਨਾ ੬੧)

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਦੀ ਲੋੜ ਤੇ ਮਹਾਨਤਾ ਨੂੰ ਦਰਸਾਂਦੇ ਹੋਏ ਦਸਦੇ ਹਨ ਕਿ ਗੁਰੂ ਤੋਂ ਬਿਨਾ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ :–

ਮਤ ਕੋ ਭਰਮਿ ਭੁਲੈ ਸੰਸਾਰਿ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ॥੧॥ਰਹਾਉ॥

... ... ...

ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ ਨਾ ਪਾਈਐ ਭਾਈ॥

(ਗੋਂਡ, ਮ:, ਪੰਨਾ ੮੬੪)

ਸੰਸਾਰ ਵਿਚ ਪਸਰਿਆ ਭਰਮ, ਸੰਸਾ ਅਥਵਾ ਬੇ-ਪ੍ਰਤੀਤੀ ਹੀ ਸਾਰੇ ਦੁਖਾਂ, ਕਲੇਸ਼ਾਂ ਤੇ ਅਧੋਗਤੀ ਦਾ ਮੂਲ ਕਾਰਨ ਮੰਨੇ ਗਏ ਹਨ। ਗੁਰਮਤਿ ਅਨੁਸਾਰ ਗੁਰੂ ਤੋਂ ਬਿਨਾ ਨਾਮ ਅਥਵਾ ਨਿਰੰਕਾਰ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਨਾਮ ਤੋਂ ਬਿਨਾ ਭਰਮ ਦੀ ਨਵਿਰਤੀ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :–

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ,
ਬਿਨੁ ਨਾਮੈ ਭਰਮੁ ਨ ਜਾਈ॥

(ਸੋਰਠਿ, ਮ:੧, ਪੰਨਾ ੬੩੫)

ਮਨੁੱਖ ਦਾ ਮਨ ਬੜਾ ਚੰਚਲ ਤੇ ਅਵੈੜਾ ਹੈ। ਇਸ ਨੂੰ ਪੰਜਾਂ ਦੂਤਾਂ, ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੀ ਹੱਠੀ ਫੋਜ ਨੇ ਕਾਬੂ ਕੀਤਾ ਹੋਇਆ ਹੈ। ਇਹਨਾਂ ਵਿਕਾਰਾਂ ਨੂੰ ਵੱਸ ਕੀਤੇ ਬਗੈਰ ਸੁੱਖ ਅਤੇ ਸ਼ਾਤੀ ਨਹੀਂ ਮਿਲਦੀ। ਪਰੰਤੂ ਇਹ ਵੱਸ ਹੁੰਦੇ ਹਨ, ਗੁਰੂ ਦੀ ਸ਼ਰਨ ਪਿਆਂ :–

**ਜਬ ਗੁਰੁ ਮਿਲਿਆ, ਤਬ ਮਨੁ ਵਸਿ ਆਇਆ॥**
**ਧਾਵਤ ਪੰਚ ਰਹੇ, ਹਰਿ ਧਿਆਇਆ॥**

*(ਗਉੜੀ ਗੁਆਰੇਰੀ, ਮ: ੪, ਪੰਨਾ ੧੬੫)*

# ਗੁਰੂ ਦੇ ਗੁਣ ਅਤੇ ਕਰਤਵ

ਸਿੱਖ ਧਰਮ ਵਿੱਚ ਵਾਹਿਗੁਰੂ ਅਤੇ ਗੁਰੂ ਬੜੀ ਮਹਾਨਤਾ ਰਖਦੇ ਹਨ। ਕਿਸੇ ਵੱਡੀ ਤੋਂ ਵੱਡੀ ਸ਼ਖਸੀਅਤ ਨੂੰ ਗੁਰੂ ਦੀ ਤੁਲਨਾ ਨਹੀਂ ਦਿੱਤੀ ਜਾ ਸਕਦੀ। ਸੰਸਾਰ ਵਿੱਚ ਹਰ ਅਸਲ ਦੀ ਨਕਲ ਪੈਦਾ ਹੋ ਜਾਂਦੀ ਹੈ। ਜਿਤਨੀ ਕੋਈ ਵਸਤੂ ਵਧੇਰੇ ਕੀਮਤੀ ਹੋਵੇਗੀ ਉਤਨੀ ਹੀ ਉਸ ਦੀ ਨਕਲ ਵੀ ਵਧੇਗੀ। ਇਸ ਲਈ ਮਨੁੱਖੀ ਕਲਿਆਣ ਲਈ ਅਗਿਆਨ ਵਿਨਾਸ਼ਕ, ਗਿਆਨ ਪ੍ਰਕਾਸ਼ਕ, ਸੱਤ ਉਪਦੇਸ਼ਟਾ, ਪਰਉਪਕਾਰੀ ਤੇ ਸੇਵਕ ਦੇ ਹਿੱਤਾਂ ਲਈ ਤਤਪਰ ਰਹਿਣ ਵਾਲੇ ਕਾਮਲ ਸਤਿਗੁਰਾਂ ਦੇ ਨਾਲ ਨਾਲ ਨਕਲੀ, ਲੋਭੀ, ਸੁਆਰਥੀ, ਪਾਖੰਡੀ ਤੇ ਦੰਭੀ ਗੁਰੂਆਂ ਦੀ ਸਦਾ ਭਰਮਾਰ ਰਹੀ ਹੈ। ਸੋ ਜਗਿਆਸੂ ਦੀ ਅਗਵਾਈ ਲਈ ਗੁਰਬਾਣੀ ਵਿਚ ਅਸਲੀ ਤੇ ਨਕਲੀ ਗੁਰੂ ਦੇ ਲੱਛਣ ਤੇ ਕਰਤਵ ਆਦਿ ਅੰਕਤ ਕਰਨ ਦਾ ਮਹਾਨ ਉਪਕਾਰ ਵੀ ਕਰ ਦਿਤਾ ਗਿਆ ਹੈ।

ਸਤਿਗੁਰੂ ਦਾ ਪਹਿਲਾ ਲੱਛਣ ਤਾਂ ਇਹ ਹੈ ਕਿ ਉਸ ਨੂੰ ਆਪ ਅਕਾਲਪੁਰਖ ਦੀ ਸੋਝੀ ਹੋਵੇ ਤੇ ਉਹ ਸਦਾ ਵਾਹਿਗੁਰੂ ਨਾਲ ਅਭੇਦ ਤੇ ਇਕ-ਸੁਰ ਵਰਤੇ। ਅਜੇ ਗੁਰੂ ਦੀ ਸੰਗਤ ਕਰਕੇ ਹੀ ਸਿੱਖ ਦਾ ਉਧਾਰ ਹੁੰਦਾ ਹੈ :

**ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ॥**
**ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ॥**

*(ਗਉੜੀ, ਸੁਖਮਨੀ, ਮਹਲਾ ੫, ਪੰਨਾ ੨੮੬)*

ਸਤਿਗੁਰੂ ਦੇ ਹੋਰ ਵਡੇ ਗੁਣ ਅਥਵਾ ਲੱਛਣ ਇਹ ਹਨ ਕਿ ਪਹਿਲਾਂ ਉਹ ਆਪ ਅੰਦਰੋਂ ਬਾਹਰੋਂ ਸੱਚਾ ਤੇ ਸੱਚੇ ਆਚਾਰ ਵਾਲਾ ਹੋਵੇ ਅਤੇ ਫੇਰ ਇਹ ਸੱਚ ਉਹ ਸਿੱਖ ਨੂੰ ਦ੍ਰਿੜ ਕਰਾਵੇ। ਉਸ ਦੇ ਉਪਦੇਸ਼ ਨਾਲ ਦੂਜਾ ਭਾਉ ਦੂਰ ਹੋਵੇ ਅਤੇ ਤਨ ਤੇ ਮਨ ਸੀਤਲ ਤੇ ਅਨੰਦਤ ਹੋਣ:

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥**

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੮)*

ਸਤਿਗੁਰੂ ਆਤਮਿਕ ਦਾਤਾਂ ਦੇਣ ਵਾਲਾ ਹੈ। ਉਹ ਹਿਵੈ (ਬਰਫ) ਦਾ ਘਰ, ਸ਼ਾਂਤੀ ਦਾ ਪੁੰਜ ਹੈ। ਸਾਰੀ ਸ੍ਰਿਸ਼ਟੀ ਨੂੰ ਗਿਆਨ ਪ੍ਰਕਾਸ਼ ਦੇਣ ਵਾਲਾ ਹੈ, ਉਸ ਪਾਸੋਂ ਆਤਮਿਕ ਜੀਵਨ ਦੇਣ ਵਾਲਾ ਨਾਮ ਰੂਪੀ ਪਦਾਰਥ ਮਿਲਦਾ ਹੈ ਜਿਸ ਨੂੰ ਮਨ ਵਿਚ ਮਾਣਿਆਂ ਸੁਖ ਦੀ ਪ੍ਰਾਪਤੀ ਹੁੰਦੀ ਹੈ :

**ਗੁਰੁ ਦਾਤਾ ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ॥**
**ਅਮਰ ਪਦਾਰਥੁ ਨਾਨਕਾ, ਮਨਿ ਮਾਨਿਐ ਸੁਖੁ ਹੋਇ॥**

*(ਵਾਰ ਮਾਝ, ਮ: ੧, ਪੰਨਾ ੧੩੭)*

ਸਤਿਗੁਰੂ ਨਿਰਵੈਰ ਹੈ। ਉਸ ਵਾਸਤੇ ਕੋਈ ਮਿੱਤਰ ਨਹੀਂ, ਕੋਈ ਵੈਰੀ ਨਹੀਂ, ਉਹ ਸਭ ਨੂੰ ਇਕ ਸਮਾਨ ਦੇਖਦਾ ਹੈ :

**ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ, ਅਉਗਣ ਕਟੇ, ਕਰੇ ਸੁਧੁ ਦੇਹਾ।।**

*(ਰਾਮਕਲੀ ਕੀ ਵਾਰ, ਮਹਲਾ ੫, ਪੰਨਾ ੯੬੦)*

ਜੇ ਕੋਈ ਨਿੰਦਕ ਵੀ ਗੁਰੂ ਦੀ ਸ਼ਰਣ ਆ ਜਾਵੇ ਤਾਂ ਗੁਰੂ ਬਖਸ਼ ਕੇ ਨਾਲ ਮੇਲ ਲੈਂਦਾ ਹੈ :

**ਕੋਈ ਨਿੰਦਕੁ ਹੋਵੈ ਸਤਿਗੁਰੂ ਕਾ, ਫਿਰਿ ਸਰਣਿ ਗੁਰ ਆਵੈ।।**
**ਪਿਛਲੇ ਗੁਨਹ ਸਤਿਗੁਰੁ ਬਖਸਿ ਲਏ, ਸਤਸੰਗਤਿ ਨਾਲਿ ਰਲਾਵੈ।।**

*(ਬਿਲਾਵਲੁ ਕੀ ਵਾਰ, ਮ: ੪, ਪਉੜੀ, ਪੰਨਾ ੮੫੫)*

ਸੱਚੇ ਸਤਿਗੁਰੂ ਦਾ ਇਕ ਲੱਛਣ ਇਹ ਵੀ ਹੈ ਕਿ ਸਤਿਗੁਰੂ ਸਿੱਖ ਪਾਸੋਂ ਕੋਈ ਉਜਰਤ ਨਹੀਂ ਮੰਗਦਾ। ਉਹ ਸਿੱਖਾਂ ਪਾਸੋਂ ਪਦਾਰਥ ਲੈ ਕੇ ਆਪਣਾ ਧਨ ਨਹੀਂ ਵਧਾਂਦਾ। ਸਚਾ ਗੁਰੂ ਤਾਂ ਮਿਹਰ ਕਰਕੇ ਉਪਦੇਸ਼ ਦਿੰਦਾ ਹੈ ਤੇ ਉਹ ਸਿੱਖ ਦੇ ਮੂੰਹ ਵਿਚ ਭੋਜਨ ਪੈਂਦਾ ਦੇਖ ਕੇ ਪ੍ਰਸੰਨ ਹੁੰਦਾ ਹੈ :

**ਸਤਿਗੁਰ ਪ੍ਰੀਤਿ, ਗੁਰਸਿਖ ਮੁਖਿ ਪਾਇ।।**

*(ਗਉੜੀ ਗੁਆਰੇਰੀ, ਮ: ੪, ਪੰਨਾ ੧੬੪)*

ਸਤਿਗੁਰੂ ਸਿੱਖ ਨੂੰ ਆਪਣੀ ਪੂਜਾ ਤਕ ਹੀ ਮਹਦੂਦ ਨਹੀਂ ਰਖਦਾ ਸਗੋਂ ਉਹ ਤਾਂ ਸਿੱਖ ਨੂੰ ਅਕਾਲ ਪੁਰਖ ਨਾਲ ਜੋੜਦਾ ਤੇ ਉਸ ਨੂੰ ਮਿਲਣ ਦਾ ਰਾਹ ਦਸਦਾ ਹੈ। ਸਤਿਗੁਰੂ ਬਿਨਾਂ ਕਿਸੇ ਲਾਲਚ ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ ਤੇ ਨਾਮ ਵਲ ਲੈ ਜਾਂਦੇ ਹਨ :

**ਮਹਾ ਪੁਰਖਾ ਕਾ ਬੋਲਣਾ, ਹੋਵੈ ਕਿਤੈ ਪਰਥਾਇ।।**
**ਓਇ ਅੰਮ੍ਰਿਤ ਭਰੇ ਭਰਪੂਰ ਹਹਿ, ਓਨਾ ਤਿਲੁ ਨ ਤਮਾਇ।।**

*(ਸੂਹੀ, ਮ: ੩, ਪੰਨਾ ੭੫੫)*

ਇਨ੍ਹਾਂ ਉਪਰੋਕਤ ਗੁਰ-ਵਾਕਾਂ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਗੁਰੂ ਦੀ ਕਿੰਨੀ ਮਹਾਨਤਾ ਹੈ ਤੇ ਗੁਰੂ ਦਾ ਤਸੱਵਰ ਕਿੰਨਾ ਉੱਚਾ ਪੇਸ਼ ਕੀਤਾ ਗਿਆ ਹੈ। ਸਿੱਖ ਧਰਮ ਵਿੱਚ ਗੁਰੂ ਦੀ ਤੁਲਨਾ ਕਿਸੇ ਹੋਰ ਨੂੰ ਨਹੀਂ ਦਿਤੀ ਜਾ ਸਕਦੀ। ਸਿੱਖੀ ਵਿਚ ਗੁਰੂ ਦੀ ਪਦਵੀ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਦਸ ਸਰੂਪ, ਦਸਾਂ ਪਾਤਸ਼ਾਹੀਆਂ ਨੂੰ ਪ੍ਰਾਪਤ ਹੋਈ ਮੰਨੀ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਗੁਰੂ ਬਾਰੇ ਦੋ ਖਿਆਲ ਪ੍ਰਚਲਿਤ ਸਨ। ਇਹ ਰਿਵਾਜ ਸੀ ਕਿ ਹਰ ਹਿੰਦੂ ਆਪਣੀ ਆਤਮਕ ਉੱਨਤੀ ਲਈ ਕਿਸੇ ਇਕ ਆਦਮੀ ਨੂੰ ਚੁਣ ਕੇ ਆਪਣਾ ਗੁਰੂ ਧਾਰਨ ਕਰ ਲੈਂਦਾ ਸੀ ਅਤੇ ਉਸ ਦੀ ਆਗਿਆ ਅਨੁਸਾਰ ਚਲਦਾ ਸੀ। ਇਸ ਦਾ ਇਹ ਸਿੱਟਾ ਨਿਕਲਦਾ ਸੀ ਕਿ ਇੱਕ-ਇੱਕ ਪਰਿਵਾਰ ਵਿੱਚ ਕਈ-ਕਈ ਗੁਰੂ ਹੁੰਦੇ ਸਨ। ਇਹ ਗੁਰੂ ਕੇਵਲ ਨਾਮ ਦੇ ਹੀ ਗੁਰੂ ਹੁੰਦੇ ਸਨ, ਪਰਮ ਪੱਦ ਨੂੰ ਨਹੀਂ ਸਨ ਪੁੱਜੇ ਹੁੰਦੇ। ਦੂਸਰੇ ਪਾਸੇ ਇਕ ਹੋਰ ਖਿਆਲ ਪ੍ਰਚਲਿਤ ਸੀ ਕਿ ਨਿਰੰਕਾਰ, ਧਰਮ ਨੂੰ ਪ੍ਰਗਟ ਕਰਨ ਲਈ ਆਪ ਇਸ ਦੁਨੀਆਂ ਵਿਚ ਅਵਤਾਰ ਧਾਰਦਾ ਹੈ ਅਤੇ ਮਨੁੱਖੀ ਸ਼ਕਲ ਵਿੱਚ ਆਉਂਦਾ ਹੈ।

ਸਿੱਖ ਧਰਮ ਦੋਹਾਂ ਹੀ ਯਕੀਨਾਂ ਦੇ ਵਿਰੁੱਧ ਹੈ। ਗੁਰੂ ਨਾਨਕ ਦੇਵ ਜੀ ਇਹ ਨਹੀਂ ਮੰਨਦੇ ਕਿ ਪਰਮਾਤਮਾ ਆਪ ਅਵਤਾਰ ਧਾਰਦਾ ਹੈ। ਉਹ ਪਰਮਾਤਮਾ ਨੂੰ ਅਜੂਨੀ ਮੰਨਦੇ ਹਨ। ਪਰਮਾਤਮਾ ਮਨੁੱਖੀ ਜੂਨ ਵਿੱਚ ਕਦੀ ਨਹੀਂ ਆਉਂਦਾ। ਦੂਸਰੇ ਪਾਸੇ ਆਮ ਆਦਮੀ ਗੁਰੂ ਦੀ ਪਦਵੀ ਨਹੀਂ ਲੈ ਸਕਦੇ। ਸਿੱਖ ਧਰਮ ਵਿੱਚ 'ਗੁਰੂ' ਸ਼ਬਦ ਉਨ੍ਹਾਂ ਵਿਸ਼ੇਸ਼ ਮਹਾਂ ਪੁਰਖਾਂ ਲਈ ਵਰਤਿਆ ਗਿਆ ਹੈ ਜੋ ਹਉਮੈ ਨੂੰ ਮਾਰ ਕੇ ਨਿਰੰਕਾਰ ਨਾਲ ਅਭੇਦ ਹੋ ਚੁਕੇ ਹੁੰਦੇ ਹਨ। ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪਣੇ ਗਿਆਨ ਦੀ ਦਾਤ ਦੇ ਕੇ ਇਸ ਸੰਸਾਰ ਵਿਚ ਭੇਜਿਆ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਗੁਰੂ ਕੋਈ ਮਨੁੱਖ ਨਹੀਂ ਸੀ ਸਗੋਂ ਉਹ ਅਕਾਲ ਪੁਰਖ ਆਪ ਗੁਰੂ ਨਾਨਕ ਸਾਹਿਬ ਦਾ ਗੁਰੂ ਸੀ। ਗੁਰੂ ਨਾਨਕ ਸਾਹਿਬ ਆਪ ਕਥਨ ਕਰਦੇ ਹਨ:

**ਅਪਰੰਪਰ ਪਾਰਬ੍ਰਹਮੁ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ॥**

*(ਸੋਰਠਿ, ਮ: ੧, ਪੰਨਾ ੫੯੯)*

# ਸ਼ਬਦ ਗੁਰੂ ਦਾ ਸਿਧਾਂਤ

ਅੱਜ ਕਲ ਬਹੁਤ ਸਾਰੇ ਦੰਭੀ ਤੇ ਪਾਖੰਡੀ ਗੁਰੂ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਨ ਕਿ ਦੇਹਧਾਰੀ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਉਹ ਗੁਰਬਾਣੀ ਵਿਚੋਂ ਮਨ ਭਾਉਂਦੀਆਂ ਤੁਕਾਂ ਜਿਨ੍ਹਾਂ ਵਿਚ 'ਗੁਰੂ' ਸ਼ਬਦ ਆਉਂਦਾ ਹੈ ਦੇ ਅਰਥ 'ਦੇਹਧਾਰੀ ਗੁਰੂ' ਕਰ ਕੇ ਸਿੱਖ ਸੰਗਤਾਂ ਨੂੰ ਟਪਲਾ ਲਾਉਣ ਦਾ ਯਤਨ ਕਰਦੇ ਹਨ। ਪਰ ਜੇ ਗੁਰਬਾਣੀ ਦੇ ਅਰਥਾਂ ਨੂੰ ਯਥਾਰਥ ਤੌਰ ਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲੱਗੇਗਾ ਕਿ ਗੁਰਬਾਣੀ ਵਿਚ ਦੇਹ ਨੂੰ ਕਿਤੇ ਭੀ ਗੁਰੂ ਨਹੀਂ ਦੱਸਿਆ ਗਿਆ। ਦੇਹ ਤਾਂ ਪ੍ਰਕ੍ਰਿਤੀ ਦੇ ਛਿਣ ਭੰਗਰ ਨਾਸ਼ਵਾਨ ਤੱਤਾਂ ਤੋਂ ਬਣੀ ਹੋਈ ਹੈ। ਉਹ ਗੁਰੂ ਕਿਵੇਂ ਹੋ ਸਕਦੀ ਹੈ? ਗੁਰੂ ਤਾਂ ਬ੍ਰਹਮ ਦਾ ਸ਼ਬਦ ਹੈ ਜੋ ਗੁਰੂ ਸਾਹਿਬਾਨ ਦੇ ਰਾਹੀਂ ਸਾਡੀ ਸਮਝੇ ਪਿਆ ਹੈ। ਉਸੇ ਸ਼ਬਦ ਨੂੰ ਗੁਰੂ-ਬਾਣੀ ਕਿਹਾ ਗਿਆ ਹੈ। ਗੁਰੂ ਜੀ ਫੁਰਮਾਂਦੇ ਹਨ:

**ਜਿਨ ਸਬਦਿ ਗੁਰੂ ਸੁਣਿ ਮੰਨਿਆ,**
**ਤਿਨ ਮਨਿ ਧਿਆਇਆ ਹਰਿ ਸੋਇ॥**
**ਅਨਦਿਨੁ ਭਗਤੀ ਰਤਿਆ,**
**ਮਨੁ ਤਨੁ ਨਿਰਮਲੁ ਹੋਇ॥**

*(ਸਿਰੀਰਾਗ, ਮ: ੩, ਪੰਨਾ ੨੭)*

ਬਿਲਕੁਲ ਸਾਫ਼ ਸ਼ਬਦਾਂ ਵਿਚ ਗੁਰਬਾਣੀ, ਸ਼ਬਦ ਨੂੰ ਗੁਰੂ ਦੱਸਦੀ ਹੈ ਅਤੇ ਦੇਹ ਨੂੰ ਮਿੱਟੀ :

**ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥**
**ਦਿਵਸ ਚਾਰਿ ਕੋ ਪੇਖਨਾ, ਅੰਤਿ ਖੇਹ ਕੀ ਖੇਹ॥**

*(ਸਲੋਕ, ਭਗਤ ਕਬੀਰ ਜੀਉ ਕੇ, ਪੰਨਾ ੧੩੭੪)*

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਚੱਲ ਵਟਾਲੇ ਵਿਖੇ ਜਦੋਂ ਸਿੱਧਾਂ ਨੇ ਪੁਛਿਆ ਕਿ ਉਹਨਾਂ ਦਾ ਗੁਰੂ ਕੌਣ ਹੈ ?

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ॥

ਤਾਂ ਗੁਰੂ ਜੀ ਦਾ ਉੱਤਰ ਸੀ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੈ ਰਹਉ ਨਿਰਾਲਾ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥
ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥

*(ਰਾਮਕਲੀ, ਮਹਲਾ ੧, ਸਿਧ ਗੋਸਟਿ, ਪੰਨਾ ੯੪੨)*

ਭਾਵ, ਸਿਧ ਪ੍ਰਸ਼ਨ ਕਰਦੇ ਹਨ, "ਜੀਵਨ ਦਾ ਕੀ ਮੂਲ ਹੈ ? ਕਿਹੜੀ ਸਿਖਿਆ ਲੈਣ ਦਾ ਸਮਾਂ ਹੈ ? ਕਿਸ ਗੁਰੂ ਦਾ ਤੂੰ ਚੇਲਾ ਹੈਂ ? ਕਿਹੜੀ ਗੱਲ ਨਾਲ ਤੂੰ ਨਿਰਲੇਪ ਰਹਿੰਦਾ ਹੈਂ ? ਸਾਨੂੰ ਇਸ ਗੱਲ ਦੀ ਵਿਚਾਰ ਦਸ ਕਿ ਕਿਸ ਤਰ੍ਹਾਂ ਸੰਸਾਰ ਸਮੁੰਦਰ ਤੋਂ ਪਾਰ ਤਰੀਦਾ ਹੈ ?"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ, "ਪ੍ਰਾਣ ਹੀ ਹਸਤੀ ਦਾ ਮੁੱਢ ਹਨ। ਇਹ ਮਨੁੱਖਾ ਜਨਮ ਸਤਿਗੁਰੂ ਦੀ ਸਿਖਿਆ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ। ਮੇਰੀ ਸੁਰਤਿ ਉਸ ਦਾ ਚੇਲਾ ਹੈ। ਮੈਂ ਅਕੱਥ ਪ੍ਰਭੂ ਦੇ ਗੁਣ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ। ਉਹ ਗੁਰੂ – ਗੋਪਾਲ ਹਰੇਕ ਸਮੇਂ ਮੌਜੂਦ ਹੈ। ਕੇਵਲ ਸ਼ਬਦ ਰਾਹੀਂ ਹੀ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ। ਇਹ ਸ਼ਬਦ ਹੀ ਮਨੁੱਖ ਦੀ ਹਉਮੈ ਨੂੰ ਦੂਰ ਕਰਦਾ ਹੈ।"

ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਗੁਰੂ ਦਾ ਸ਼ਬਦ ਹੀ ਮਨ ਨੂੰ ਸਥਿਰ ਅਵਸਥਾ ਵਿੱਚ ਰੱਖਣ ਦੇ ਯੋਗ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਮਨੁੱਖ ਕਮਲਾ ਹੋ ਜਾਂਦਾ ਹੈ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ,
ਬਿਨੁ ਸਬਦੈ ਜਗੁ ਬਉਰਾਨੰ॥

*(ਸੋਰਠਿ, ਮ: ੧, ਅਸਟਪਦੀਆ, ਪੰਨਾ ੬੩੫)*

ਗੁਰੂ ਗਰੰਥ ਸਾਹਿਬ ਜੀ ਦੀ ਸੱਚੀ ਬਾਣੀ ਵਿਚੋਂ ਦੇਹ ਦੇ ਮਿਥਿਆ (ਕੂੜ) ਹੋਣ ਅਤੇ ਸ਼ਬਦ ਦੇ ਗੁਰੂ ਹੋਣ ਦਾ ਸਬਕ ਹੀ ਮਿਲਦਾ ਹੈ। ਦੇਹ ਮਰਦੀ ਹੈ ਪਰ ਗੁਰਬਾਣੀ ਗੁਰੂ ਨੂੰ ਅਮਰ (**ਸਤਿਗੁਰੁ ਜਾਗਤਾ ਹੈ ਦੇਉ**) ਦਸਦੀ ਹੈ। ਗੁਰਸ਼ਬਦ, ਗੁਰਬਾਣੀ, ਗੁਰਬਚਨਾਂ ਦੀ ਕਮਾਈ ਤੋਂ ਹੀ ਗੁਰਮੁਖਾਂ ਦਾ ਨਿਜ ਘਰ (ਹਿਰਦੇ ਰੂਪੀ ਘਰ) ਵਾਸਾ ਹੋ ਜਾਂਦਾ ਹੈ :

ਸਤਿਗੁਰ ਕਾ ਸਚੁ ਸਬਦੁ ਕਮਾਵਹੁ॥
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ॥ *(ਆਸਾ, ਮ: ੫, ਪੰਨਾ ੩੮੬)*

ਸਤਿਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੀ ਸ਼ਬਦ ਸੱਤਾ ਨਾਲ ਹੀ ਆਪਣੇ ਜਿਹਾ ਗੁਰੂ ਬਣਾ, ਗੁਰੂ ਜੋਤੀ ਜਗਾ ਦਿੱਤੀ ਸੀ। ਗੁਰੂ ਸ਼ਬਦ ਦੀ ਜੋਤ ਦਸਾਂ ਗੁਰੂਆਂ ਅੰਦਰ ਇਕੋ ਹੀ ਸੀ ਪਰ ਸ਼ਰੀਰ ਵਖੋ ਵਖ ਸਨ।

ਕਈ ਵਾਰੀ ਗੁਰਬਾਣੀ ਵਿਚ ਆਏ 'ਗੁਰੂ ਮੂਰਤਿ' ਪਦ ਤੋਂ ਕਈ ਸਜਨ ਟਪਲਾ ਖਾ ਜਾਂਦੇ ਹਨ ਕਿ ਸ਼ਾਇਦ ਇਹ 'ਮੂਰਤ' ਦੇਹੀ ਵਾਸਤੇ ਕਿਹਾ ਗਿਆ ਹੈ, ਪਰ ਭਾਈ ਗੁਰਦਾਸ ਜੀ ਨੇ ਇਹ ਦਸ ਕੇ ਸੰਸਾ ਨਵਿਰਤ ਕਰ ਦਿੱਤਾ ਹੈ ਕਿ :

**ਗੁਰ ਮੂਰਤਿ, ਗੁਰ ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ।**

ਅਤੇ *(ਵਾਰ ੨੪-੨੫)*

**ਗੁਰ ਮੂਰਤਿ ਪੂਰਨ ਬ੍ਰਹਮੁ ਅਬਿਗਤਿ ਅਬਿਨਾਸੀ।**
**ਪਾਰਬ੍ਰਹਮੁ ਗੁਰ ਸਬਦੁ ਹੈ ਸਤਿਸੰਗਿ ਨਿਵਾਸੀ।** *(ਵਾਰ ੯-੧)*
**ਸਬਦੁ ਗੁਰੂ ਗੁਰੁ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।**
*(ਵਾਰ ੭-੨੦)*

ਗੁਰੂ ਅਮਰਦਾਸ ਜੀ 'ਸ਼ਬਦ' ਦੁਆਰਾ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੋਣੀ ਦਸਦੇ ਹਨ:

**ਗੁਰ ਸਬਦੀ ਹਰਿ ਪਾਈਐ, ਬਿਨੁ ਸਬਦੈ ਭਰਮਿ ਭੁਲਾਇ॥**
*(ਸਿਰੀਰਾਗੁ, ਮ: ੩, ਪੰਨਾ ੩੬)*

ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਗੁਰੂ ਦੇ ਬਚਨ, ਗੁਰਬਾਣੀ ਦੇ ਸ਼ਬਦ ਹੀ ਸਤਿਗੁਰੂ ਹਨ :

**ਸਤਿਗੁਰ ਬਚਨੁ, ਬਚਨੁ ਹੈ ਨੀਕੋ, ਗੁਰ ਬਚਨੀ ਅੰਮ੍ਰਿਤੁ ਪਾਵੈਗੋ॥**
*(ਕਾਨੜਾ, ਮ: ੪, ਪੰਨਾ ੧੩੧੧)*

ਕਈ ਪਖੰਡੀ ਲੋਕ ਇਹ ਧੋਖਾ ਦਿੰਦੇ ਹਨ ਕਿ 'ਸ਼ਬਦ' ਉਨ੍ਹਾਂ ਪਾਸ ਹੀ ਹੈ, ਗੁਰਬਾਣੀ ਤੋਂ ਨਹੀਂ ਮਿਲਦਾ। ਉਹ ਲੋਕ ਮੁਢੋਂ ਹੀ ਭੁਲੇ ਹੋਏ ਹਨ। 'ਸ਼ਬਦ' ਗੁਰਬਾਣੀ ਤੋਂ ਬਾਹਰ ਹੋਰ ਕੋਈ ਨਹੀਂ। ਜਿਸ ਨੇ ਵੀ ਮਨ ਨੂੰ ਸਮਝਾਉਣਾ ਹੈ, ਉਹ ਗੁਰੂ ਦੀ ਬਾਣੀ ਪੜ੍ਹੇ ਸੁਣੇ, ਇਸ ਤੋਂ ਸਭ ਕੁਝ ਮਿਲਦਾ ਹੈ :

**ਗੁਰ ਕੈ ਸਬਦਿ, ਮਨ ਕਉ ਸਮਝਾਵਹਿ॥**
**ਸਤਿਗੁਰ ਕੀ ਬਾਣੀ, ਸਤਿ ਸਤਿ ਕਰਿ ਮਾਨਹੁ,**
**ਇਉ ਆਤਮ ਰਾਮੈ ਲੀਨਾ ਹੇ॥**

*(ਮਾਰੂ, ਮ: ੧, ਪੰਨਾ ੧੦੨੮)*

ਅਸਲ ਗੱਲ ਇਹ ਹੈ ਕਿ ਸਿੱਖ ਦਾ ਮੇਲ ਗੁਰੂ ਨਾਲ ਸ਼ਬਦ ਦੁਆਰਾ ਹੀ ਹੁੰਦਾ ਹੈ। ਸ਼ਬਦ ਦੇ ਰਾਹੀਂ ਹੀ ਗੁਰੂ ਸੱਚਾ ਰਾਹ ਦੱਸਦਾ ਹੈ। ਕਿਸੇ ਵੀ ਦੇਹੀ ਵੇਖਣ ਨਾਲ ਮੁਕਤੀ ਨਹੀਂ ਹੁੰਦੀ, ਮੁਕਤੀ ਤਾਂ ਗੁਰੂ ਦੇ ਉਪਦੇਸ਼ ਰੂਪੀ ਸ਼ਬਦ ਦੀ ਵੀਚਾਰ ਕਰਕੇ ਕਮਾਈ ਕਰਨ ਨਾਲ ਹੀ ਹੋਣੀ ਹੈ :

**ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ।।**
**ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ।।**

*(ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੪)*

**ਜਿਨ ਸਬਦਿ ਗੁਰੂ ਸੁਣਿ ਮੰਨਿਆ, ਤਿਨ ਮਨਿ ਧਿਆਇਆ ਹਰਿ ਸੋਇ।।**

*(ਸਿਰੀਰਾਗੁ, ਮਹਲਾ ੩, ਪੰਨਾ ੨੭)*

ਗੁਰੂ ਰਾਮਦਾਸ ਜੀ ਦਾ ਵੀ ਫੁਰਮਾਨ ਹੈ :

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ।।**
**ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤੱਖਿ ਗੁਰੂ ਨਿਸਤਾਰੇ।।**

*(ਨਟ, ਮਹਲਾ ੪, ਪੰਨਾ ੯੮੨)*

ਸਿੱਖ ਦਾ ਮੇਲ ਗੁਰ ਸ਼ਬਦ ਰਾਹੀਂ ਹੀ ਸਤਿਗੁਰੂ ਨਾਲ ਹੋ ਸਕਦਾ ਹੈ। ਗੁਰੂ ਭੀ ਸਿੱਖ ਨੂੰ ਬ੍ਰਹਮ ਗਿਆਨ ਸ਼ਬਦ ਰਾਹੀਂ ਹੀ ਬਖਸ਼ਦਾ ਹੈ। ਗੁਰੂ ਨਾਨਕ ਸਾਹਿਬ 'ਸਿਰੀ ਰਾਗ' ਵਿਚ ਫੁਰਮਾਉਂਦੇ ਹਨ :

**ਜਬ ਲਗੁ ਸਬਦਿ ਨ ਭੇਦੀਐ, ਕਿਉ ਸੋਹੈ ਗੁਰਦੁਆਰਿ।।**

*(ਸਿਰੀਰਾਗੁ, ਮ: ੧, ਪੰਨਾ ੧੯)*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸੇ ਲਈ ਗੁਰੂ ਹੈ ਕਿਉਂਕਿ ਇਹ ਪ੍ਰਭੂ ਦਾ ਆਪਣਾ ਹੁਕਮੀ ਸ਼ਬਦ ਹੈ ਜੋ ਸਤਿਗੁਰਾਂ ਦੀ ਆਤਮ ਜੋਤੀ ਨੇ ਪ੍ਰਮਾਤਮਾ ਵਿਚ ਲੀਨ ਹੋ ਕੇ ਇਕ ਮਿਕ ਹੋਇਆਂ ਲਿਖੀ ਹੈ।

**ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ।।**

*(ਵਾਰ ਮਲਾਰ ਕੀ, ਮਹਲਾ ੧, ਪੰਨਾ ੧੨੭੯)*

ਮਾਇਆ ਵਿਚ ਫਸੇ ਜੀਵਾਂ ਦੀ ਰਚੀ ਹੋਈ ਕੋਈ ਰਚਨਾ ਬਾਣੀ ਦਾ ਦਰਜਾ ਨਹੀਂ ਰਖਦੀ। ਧੁਰੋਂ ਆਈ ਹੋਈ ਬਾਣੀ ਹੀ ਸ਼ਬਦ-ਗੁਰੂ ਜਾਂ ਗੁਰੂ-ਸ਼ਬਦ ਹੈ। ਜੋ ਪਖੰਡੀ ਗੁਰੂ, ਗੁਰਬਾਣੀ ਦੀ ਰੀਸ ਕਰਕੇ ਆਪਣੀ ਕੱਚੀ ਪਿਲੀ ਰਚਨਾ ਰਚ ਕੇ ਗੁਰੂ ਬਣਨ ਦਾ ਦਾਹਵਾ ਕਰਦੇ ਹਨ ਉਹਨਾਂ ਪ੍ਰਤੀ ਗੁਰਬਾਣੀ ਦਾ ਫ਼ੁਰਮਾਨ ਹੈ :

**ਸਤਿਗੁਰ ਕੀ ਬਾਣੀ, ਸਤਿ ਸਰੂਪੁ ਹੈ, ਗੁਰਬਾਣੀ ਬਣੀਐ।।**
**ਸਤਿਗੁਰ ਕੀ ਰੀਸੈ, ਹੋਰਿ ਕਚੁ ਪਿਚੁ ਬੋਲਦੇ,**
**ਸੇ ਕੂੜਿਆਰ ਕੂੜੇ ਝੜਿ ਪੜੀਐ।।**
**ਓਨ੍ਾ ਅੰਦਰਿ ਹੋਰੁ, ਮੁਖਿ ਹੋਰੁ ਹੈ,**
**ਬਿਖੁ ਮਾਇਆ ਨੋ ਝਖਿ ਮਰਦੇ ਕੜੀਐ।।**

*(ਗਉੜੀ ਕੀ ਵਾਰ, ਮ: ੪, ਪੰਨਾ ੩੦੪)*

ਭਾਈ ਗੁਰਦਾਸ ਜੀ ਸ਼ਬਦ ਗੁਰੂ ਦੇ ਸਿਧਾਂਤ ਨੂੰ ਆਪਣੇ ਹੇਠਲੇ ਕਥਿਤ ਵਿਚ ਇਸ ਤਰ੍ਹਾਂ ਦਰਸਾਉਂਦੇ ਹਨ :

**ਜੈਸੇ ਫਲ ਸੇ ਬਿਰਖੁ, ਬਿਰਖੁ ਸੇ ਹੋਤ ਫਲੁ,**
**ਅਦਭੁਤਿ ਗਤਿ, ਕਛੁ ਕਹਨੁ ਨ ਆਵੈ ਜੀ।**
**ਜੈਸੇ ਬਾਸੁ ਬਾਵਨ ਮੈਂ, ਬਾਵਨੁ ਹੈ ਬਾਸੁ ਬਿਖੈ,**
**ਬਿਸਮ ਚਰਿਤ੍ਰ, ਕੋਊ ਮਰਮੁ ਨ ਪਾਵੈ ਜੀ।**
**ਕਾਸਟ ਮੈਂ ਅਗਨਿ ਹੈ, ਅਗਨਿ ਮੈਂ ਕਾਸਟ ਹੈ,**
**ਅਤਿ ਅਸਚਰਜ ਹੈ, ਕੌਤਕ ਕਹਾਵੈ ਜੀ।**
**ਸਤਿਗੁਰ ਮੈਂ ਸਬਦ, ਸਬਦ ਮੈ ਸਤਿਗੁਰ ਹੈ,**
**ਨਿਰਗੁਨ ਗਿਆਨ, ਧਿਆਨ ਸਮਝਾਵੈ ਜੀ।**

*(ਕਬਿਤ ਸਵੱਯਾ ਨੰ:੫੩੪)*

ਬਾਣੀ ਗੁਰੂ ਤੇ ਗੁਰੂ ਬਾਣੀ ਰੂਪ ਹੈ। ਇਹ ਗੁਰਮਤਿ ਦਾ ਇਕ ਅਤਿ ਸੂਖਮ ਅਤੇ ਉੱਚਾ ਸਿਧਾਂਤ ਹੈ, ਜੋ ਸਾਨੂੰ ਵਿਅਕਤੀਵਾਦ, ਸ਼ਖਸੀ ਗੁਰੂ ਡੰਮ ਤੇ ਕੁਟੰਬ ਪੂਜਾ ਤੋਂ ਉਚਿਆਂ ਕਰਕੇ ਅਕਾਲ ਪੁਰਖ ਅਤੇ ਦਸਾਂ ਸਤਿਗੁਰੂਆਂ ਦੇ ਆਤਮਿਕ ਸਰੂਪ ਨਾਲ ਜੋੜਦਾ ਹੈ। ਭਾਈ ਗੁਰਦਾਸ ਜੀ ਨੇ ਉਪਰੋਕਤ ਕਬਿਤ ਅੰਦਰ ਬੜੀਆਂ ਸੁੰਦਰ ਉਪਮਾਵਾਂ ਦੇ ਕੇ ਇਸ ਸਿਧਾਂਤ ਨੂੰ ਇਉਂ ਬਿਆਨ ਕੀਤਾ ਹੈ : ਜਿਸ ਤਰ੍ਹਾਂ ਫਲ ਤੋਂ ਬ੍ਰਿਛ ਤੇ ਬ੍ਰਿਛ ਤੋਂ ਫਲ ਹੁੰਦਾ ਹੈ, ਇਹ ਅਸਚਰਜ ਰੀਤੀ ਹੈ, ਕੁਝ ਕਹਿਣ ਵਿਚ ਨਹੀਂ ਆਉਂਦੀ। ਜਿਸ ਤਰ੍ਹਾਂ ਵਾਸ਼ਨਾ ਚੰਦਨ ਵਿਚ ਅਤੇ ਚੰਦਨ ਵਾਸ਼ਨਾ ਵਿਚ ਹੈ, ਇਹ ਅਸਚਰਜ ਤਮਾਸ਼ਾ ਹੈ, ਇਸ ਦਾ ਕੋਈ ਭੇਦ ਨਹੀਂ ਪਾ ਸਕਦਾ। ਜਿਸ ਤਰ੍ਹਾਂ ਲਕੜੀ ਵਿਚ ਅੱਗ ਹੈ ਅਤੇ ਅੱਗ ਵਿਚ ਲਕੜੀ ਹੈ ਇਹ ਵੀ ਅਸਚਰਜ ਕੌਤਕ ਹੈ। ਇਸੇ ਤਰ੍ਹਾਂ ਹੀ ਸਤਿਗੁਰੂ ਅਤੇ ਸ਼ਬਦ ਵਿਚ ਕੋਈ ਅੰਤਰ ਨਹੀਂ। ਸਤਿਗੁਰੂ ਵਿਚ ਸ਼ਬਦ ਦਾ ਨਿਵਾਸ ਹੈ ਅਤੇ ਸ਼ਬਦ ਵਿਚ ਸਤਿਗੁਰਾਂ ਦਾ, ਪਰ ਇਹ ਸਮਝ ਵਾਹਿਗੁਰੂ ਦੇ ਗਿਆਨ ਵਿਚ ਧਿਆਨ ਜੋੜਨ ਨਾਲ ਹੀ ਆਉਂਦੀ ਹੈ।

## ਦਸ ਗੁਰੂ ਇਕ ਜੋਤਿ

"ਦਸ ਗੁਰੂ ਇਕ ਜੋਤਿ" ਸਿੱਖ ਧਾਰਮਿਕ ਪਰੰਪਰਾ ਦੀ ਬੁਨਿਆਦੀ ਧਾਰਨਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਦਸ ਗੁਰੂ ਇਕ ਜੋਤਿ ਦੇ ਕਥਨ ਨੂੰ ਸਪਸ਼ਟ ਕਰੀਏ "ਜੋਤਿ" ਦੇ ਅਰਥਾਂ ਨੂੰ ਜਾਣ ਲੈਣਾ ਲਾਹੇਵੰਦਾ ਹੋਵੇਗਾ।

"ਜੋਤਿ" ਸ਼ਬਦ ਸੰਸਕ੍ਰਿਤ ਦੇ "ਜਯੋਤਿ" ਸ਼ਬਦ ਦਾ ਤਦਭਵ ਰੂਪ ਹੈ ਜਿਸ ਦੇ ਮੁਢਲੇ ਅਰਥ ਰੋਸ਼ਨੀ, ਪ੍ਰਕਾਸ਼ ਆਦਿ ਹਨ। ਪਰ ਸਮੇਂ-ਸਮੇਂ ਇਸ ਸ਼ਬਦ ਦਾ ਅਰਥ-ਵਿਸਥਾਰ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜੋਤਿ ਸਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ ਜਿਵੇਂ ਕਿ:

(i) ਪ੍ਰਕਾਸ਼ ਜਾਂ ਚਾਨਣ ਵਜੋ :

**ਨਾ ਸੂਰਜ ਚੰਦ ਨ ਜੋਤਿ ਅਪਾਰ।।** *(ਗੂਜਰੀ, ਮਹਲਾ ੧, ਪੰਨਾ ੫੦੩)*

(ii) ਵਾਹਿਗੁਰੂ ਦੀ ਸ਼ਕਤੀ ਵਜੋਂ :

**ਸਭ ਮਹਿ ਜੋਤਿ, ਜੋਤਿ ਹੈ ਸੋਇ।।** *(ਧਨਾਸਰੀ, ਮਹਲਾ ੧)*

(iii) ਆਤਮਿਕ ਰੋਸ਼ਨੀ ਜਾਂ ਰੂਹਾਨੀ ਪ੍ਰਕਾਸ਼ ਵਜੋਂ :

**ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥**

*(ਪ੍ਰਭਾਤੀ, ਕਬੀਰ ਜੀਉ, ਪੰਨਾ ੧੩੪੯)*

ਜੋਤਿ ਸ਼ਬਦ ਦੇ ਉਪਰੋਕਤ ਤਿੰਨ ਅਰਥਾਂ ਵਿਚੋਂ ''ਦਸ ਗੁਰੂ ਇਕ ਜੋਤਿ'' ਵਿਚਲੇ ''ਜੋਤਿ'' ਦਾ ਅਰਥ ਚਾਨਣ ਨਹੀਂ ਹੋ ਸਕਦਾ। ਦੂਜਾ ਅਰਥ ਹੈ ਵਾਹਿਗੁਰੂ ਦੀ ਸ਼ਕਤੀ। ਇਥੇ 'ਦਸ ਗੁਰੂ ਇਕ ਜੋਤਿ' ਕਹਿਣ ਤੋਂ ਇਹ ਭਾਵ ਵੀ ਨਹੀਂ ਹੋ ਸਕਦਾ, ਕਿਉਂਕਿ ਵਾਹਿਗੁਰੂ ਦੀ ਸ਼ਕਤੀ ਤਾਂ ਸਭ ਦੇ ਅੰਦਰ ਹੈ ਕੇਵਲ ਦਸ ਗੁਰੂਆਂ ਵਿਚ ਹੀ ਨਹੀਂ। ਸੋ ਇਥੇ ''ਜੋਤਿ'' ਦਾ ਅਰਥ ਆਤਮਿਕ ਪ੍ਰਕਾਸ਼ ਜਾਂ ਰੂਹਾਨੀ ਪ੍ਰਕਾਸ਼ ਹੀ ਹੈ ਅਤੇ ਇਥੇ ਰੂਹਾਨੀ ਪ੍ਰਕਾਸ਼ ਦੀ ਸਾਰੇ ਗੁਰੂਆਂ ਵਿਚ ਸਮਾਨਤਾ ਦਸਣ ਲਈ ਹੀ 'ਦਸ ਗੁਰੂ ਇਕ ਜੋਤਿ' ਕਿਹਾ ਗਿਆ ਹੈ। ਇਹ 'ਰੂਹਾਨੀ ਪ੍ਰਕਾਸ਼' ਦੀ ਸਮਾਨਤਾ ਹੀ ਸਾਰੇ ਗੁਰੂਆਂ ਵਿਚ ਸਿਧਾਂਤਕ ਏਕਤਾ ਦਾ ਆਧਾਰ ਬਣਦੀ ਹੈ।

ਇਹ ਗੱਲ ਦਸਣੀ ਕੁਥਾਂ ਨਹੀਂ ਹੋਵੇਗੀ ਕਿ 'ਦਸ ਗੁਰੂ ਇਕ ਜੋਤਿ' ਨੂੰ ਵੈਦਿਕ ਧਰਮ ਦੀ ਅਵਤਾਰ-ਪਰੰਪਰਾ ਅਨੁਸਾਰ ਸਮਝਣਾ ਵੱਡੀ ਗਲਤੀ ਹੋਵੇਗੀ। ਇਸ ਅਵਤਾਰ-ਪਰੰਪਰਾ ਅਨੁਸਾਰ ਨਿਰਗੁਣ ਵਾਹਿਗੁਰੂ ਦੁਨੀਆਂ ਦੇ ਦੁੱਖ ਹਰਣ ਲਈ ਵਾਰ-ਵਾਰ ਮਨੁੱਖੀ ਸਰੀਰ ਵਿਚ ਅਵਤਾਰ ਧਾਰ ਕੇ ਆਉਂਦਾ ਹੈ। ਸਿੱਖ ਧਰਮ ਵਿਚ ਇਸ ਅਵਤਾਰ-ਪਰੰਪਰਾ ਨੂੰ ਨਹੀਂ ਮੰਨਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਸ ਪਰੰਪਰਾ ਅਧੀਨ ਅਵਤਾਰ ਨਹੀਂ ਧਾਰਿਆ। ਨਿਰਗੁਣ ਬ੍ਰਹਮ ਦੇ ਮਨੁੱਖ ਸਰੂਪ ਧਾਰਨ ਕਰਨ ਦਾ ਤਾਂ ਗੁਰਬਾਣੀ ਵਿਚ ਥਾਂ-ਥਾਂ ਤੇ ਖੰਡਨ ਕੀਤਾ ਗਿਆ ਹੈ। ਗੁਰੂ ਅਰਜਨ ਪਾਤਸ਼ਾਹ ਫੁਰਮਾਉਂਦੇ ਹਨ ਕਿ ਉਹ ਮੂੰਹ ਜਲ ਜਾਏ, ਜੋ ਪ੍ਰਮਾਤਮਾ ਨੂੰ ਜੂਨਾਂ ਵਿਚ ਆਉਂਦਾ ਕਹਿੰਦਾ ਹੈ :

**ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰੁ ਜੋਨੀ॥**

*(ਭੈਰਉ, ਮ: ੫, ਪੰਨਾ ੧੧੩੬)*

ਗੁਰੂ ਨਾਨਕ ਸਾਹਿਬ ਧੁਰੋਂ ਵਰੋਸਾਈ ਹੋਈ, ਰੂਹਾਨੀ ਗਿਆਨ, ਰੱਬੀ ਪ੍ਰਕਾਸ਼ ਦੁਆਰਾ ਅਵੇਸ਼ਤ ਮੁਕੰਮਲ ਸ਼ਖਸੀਅਤ ਸਨ। ਇਹੀ ਰੂਹਾਨੀ ਗਿਆਨ ਦਾ ਪ੍ਰਕਾਸ਼ 'ਜੋਤਿ' ਹੈ, ਜਿਸ ਨੂੰ ਦੂਜੇ ਸ਼ਬਦਾਂ ਵਿਚ ਗੁਰੂ ਜਾਂ ਗੁਰੂਤਵ ਜਾਂ ਗੁਰੂ-ਜੋਤਿ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਗੁਰੂ ਨਾਨਕ ਨੇ ਆਪਣੀ ਜੋਤਿ ਗੁਰੂ ਅੰਗਦ ਵਿਚ ਪਾ ਦਿੱਤੀ ਤਾਂ ਇਸ ਦਾ ਭਾਵ ਇਹੀ ਹੈ ਕਿ ਜੋ ਰੂਹਾਨੀ ਗਿਆਨ (spiritual knowledge) ਦੀ 'ਜੋਤਿ' ਗੁਰੂ ਨਾਨਕ ਵਿਚ ਜਗਦੀ ਸੀ, ਉਹੀ ਉਹਨਾਂ ਨੇ ਬਖਸ਼ਸ਼ ਕਰਕੇ ਭਾਈ ਲਹਿਣੇ ਵਿਚ ਜਗਾ ਦਿਤੀ। ਗੁਰੂ ਨਾਨਕ ਵਿਚਲੀ 'ਗੁਰੂਤਵ' ਭਾਈ ਲਹਿਣੇ ਵਿਚ ਪ੍ਰਕਾਸ਼ਮਾਨ ਹੋ ਗਈ ਤਾਂ ਹੀ ਉਹ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਬਣੇ ਅਤੇ ਗੁਰੂ ਅੰਗਦ ਸਾਹਿਬ ਤੋਂ ਇਹੀ ਜੋਤਿ-ਪ੍ਰਕਾਸ਼ ਦੀ ਪ੍ਰਕ੍ਰਿਆ ਅੱਗੇ ਪ੍ਰਚਲਿਤ ਰਹੀ ਅਤੇ ਦਸਮ ਪਾਤਸ਼ਾਹ ਤੱਕ ਸਮਾਨ ਰੂਪ ਵਿਚ ਵਿਚਰਦੀ ਰਹੀ।

ਇਥੇ 'ਜੋਤਿ' ਦਾ ਇਕ ਸਰੀਰ ਵਿਚੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਨ ਦਾ ਭਾਵ ਇਹ ਨਹੀਂ ਜੋ ਆਵਾਗਵਣ ਦੇ ਸਿਧਾਂਤ ਵਿਚ, ਇਕ ਆਤਮਾ (ਜੋਤਿ) ਦਾ ਹੋਰ ਸਰੀਰ ਵਿਚ ਪ੍ਰਵੇਸ਼ ਹੋਣਾ ਮੰਨਿਆ ਗਿਆ ਹੈ, ਸਗੋਂ ਇਥੇ ਜੋਤਿ ਦੇ ਪ੍ਰਵੇਸ਼ ਤੋ ਭਾਵ ਇਕ ਦੀਵੇ ਤੋਂ ਦੂਜੇ ਦੀਵੇ ਦੇ ਜਗਾਉਣ ਦਾ, ਜਾਂ ਚੰਦਨ ਤੋਂ ਚੰਦਨ ਹੋਣ ਦਾ, ਜਾਂ ਪਾਰਸ ਤੋਂ ਪਾਰਸ ਬਣ ਜਾਣ ਦਾ

ਹੈ। ਇਥੇ ਵਿਸ਼ੇਸ਼ ਗਲ ਇਹ ਹੈ ਕਿ ਨਵੀਂ ਜੋਤਿ ਦੇ ਜਗਣ ਤੇ ਵੀ ਪਹਿਲੀ ਜੋਤਿ ਦੀ ਅਣਹੋਂਦ ਨਹੀਂ ਹੋ ਜਾਂਦੀ। **'ਸਹਿ ਟਿਕਾ ਦਿਤੋਸੁ ਜੀਵਦੈ'** ਕਹਿਣ ਦਾ ਭਾਵ ਹੈ ਕਿ ਭਾਈ ਲਹਿਣੇ ਵਿਚ ਜੋਤਿ ਪ੍ਰਕਾਸ਼ਮਾਨ ਹੋ ਜਾਣ ਨਾਲ (ਗੁਰੂ ਅੰਗਦ ਬਣ ਜਾਣ ਨਾਲ) ਗੁਰੂ ਨਾਨਕ ਵਿਚਲੀ ਜੋਤਿ ਬੁਝ (ਖਤਮ) ਨਹੀਂ ਗਈ।

"ਇਕ ਜੋਤਿ" ਦਾ ਸਮਰਥਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਇਉਂ ਕਰਦੇ ਹਨ:

**ਗੁਰੁ ਅੰਗਦੁ ਗੁਰੁ ਅੰਗੁ ਤੇ, ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।**
**ਜੋਤੀ ਜੋਤਿ ਜਗਾਈਅਨੁ, ਦੀਵੇ ਤੇ ਜਿਉ ਦੀਵਾ ਬਲਿਆ।**

*(ਵਾਰ ੨੪, ਪਉੜੀ ੮)*

ਇਸੇ ਖਿਆਲ ਦੀ ਪ੍ਰੋੜ੍ਹਤਾ ਉਹ ਹੋਰ ਵਿਸਥਾਰ ਨਾਲ ਦਰਸਾਉਂਦੇ ਹਨ :

**ਨਿਰੰਕਾਰੁ ਨਾਨਕ ਦੇਉ, ਨਿਰੰਕਾਰਿ ਆਕਾਰ ਬਣਾਇਆ।**
**ਗੁਰੁ ਅੰਗਦੁ ਗੁਰੁ ਅੰਗ ਤੇ, ਗੰਗਹੁ ਜਾਣੁ ਤਰੰਗ ਉਠਾਇਆ।**
**ਅਮਰਦਾਸੁ ਗੁਰੁ ਅੰਗਦਹੁ, ਜੋਤਿ ਸਰੂਪ ਚਲਤੁ ਵਰਤਾਇਆ।**
**ਗੁਰੂ ਅਮਰਹੁ ਗੁਰੁ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ।**
**ਰਾਮਦਾਸਹੁ ਅਰਜਨੁ ਗੁਰੂ, ਦਰਸਨੁ ਦਰਪਨਿ ਵਿਚਿ ਦਿਖਾਇਆ।**
**ਹਰਿਗੋਬਿੰਦ ਗੁਰੁ ਅਰਜਨਹੁ, ਗੁਰੁ ਗੋਬਿੰਦੁ ਨਾਉਂ ਸਦਵਾਇਆ।**
**ਗੁਰਮੂਰਤਿ ਗੁਰਸਬਦੁ ਹੈ, ਸਾਧਸੰਗਤਿ ਵਿਚਿ ਪਰਗਟੀ ਆਇਆ।**
**ਪੈਰੀ ਪਾਇ ਸਭ ਜਗਤੁ ਤਰਾਇਆ।**

*(ਵਾਰ ੨੪, ਪਉੜੀ ੨੫)*

ਭਾਈ ਗੁਰਦਾਸ ਜੀ ਇਕ ਥਾਂ ਹੋਰ ਦਸਦੇ ਹਨ ਕਿ "ਗੁਰੂ ਜੋਤਿ" ਇਕ ਸਰੂਪ ਤੋਂ ਦੂਸਰੇ ਸਰੂਪ ਵਿਚ ਇਸ ਤਰ੍ਹਾਂ ਪ੍ਰਵੇਸ਼ ਕਰਦੀ ਜਾਂਦੀ ਸੀ :-

**ਸਤਿਗੁਰ ਨਾਨਕ ਦੇਉ, ਗੁਰਾ ਗੁਰੁ ਹੋਇਆ।**
**ਅੰਗਦੁ ਅਲਖੁ ਅਭੇਉ, ਸਹਜਿ ਸਮੋਇਆ।**
**ਅਮਰਹੁ ਅਮਰ ਸਮੇਉ, ਅਲਖੁ ਅਲੋਇਆ।**
**ਰਾਮ ਦਾਸ ਅਰਿਖੇਉ, ਅੰਮ੍ਰਿਤੁ ਚੋਇਆ।**
**ਗੁਰੁ ਅਰਜਨ ਕਰਿ ਸੇਉ, ਢੋਐ ਢੋਇਆ।**
**ਗੁਰੁ ਹਰਿਗੋਬਿੰਦੁ ਅਮੇਉ, ਅਮਿਉ ਵਿਲੋਇਆ।**

*(ਵਾਰ ੩, ਪਉੜੀ ੧੨)*

ਗੁਰੂ ਘਰ ਦੇ ਹਜ਼ੂਰੀ ਰਾਗੀ ਸੱਤਾ ਤੇ ਬਲਵੰਡ 'ਰਾਮਕਲੀ ਕੀ ਵਾਰ' ਵਿਚ ਬੜੇ ਜ਼ੋਰਦਾਰ ਸਬਦਾਂ ਨਾਲ ਇਸੇ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ ਅਤੇ 'ਇਕ ਜੋਤਿ' ਦੀ ਏਕਤਾ ਨੂੰ ਦ੍ਰਿੜਾਉਂਦੇ ਹਨ :

**ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ।।**

*(ਪੰਨਾ ੯੬੬)*

ਭਾਵ, ਸਰੀਰਕ ਜਾਮੇ ਹੀ ਬਦਲਦੇ ਰਹੇ ਪਰ ਅਧਿਆਤਮਕ ਪ੍ਰਕਾਸ਼ ਦੀ ਸਮਾਨਤਾ ਇਕ ਸਮਾਨ ਰਹੀ। ਏਸੇ ਤਰ੍ਹਾਂ ਹੋਰ ਕਿਹਾ ਹੈ :

**ਜੋਤਿ ਸਮਾਣੀ ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ॥**

*(ਪੰਨਾ ੯੬੭)*

**ਨਾਨਕੁ ਤੂ, ਲਹਣਾ ਤੂਹੈ, ਗੁਰੁ ਅਮਰੁ ਤੂ ਵੀਚਾਰਿਆ॥**

*(ਪੰਨਾ ੯੬੮)*

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਨੇ ਬੜੇ ਸੁਚੱਜੇ ਤੇ ਸੁੰਦਰ ਲਫ਼ਜ਼ਾਂ ਦੀ ਪੁਸ਼ਾਕ ਰਾਹੀਂ 'ਗੁਰੂ ਜੋਤਿ' ਦੀ ਏਕਤਾ ਨੂੰ ਦਰਸਾਇਆ ਹੈ। ਆਪ ਜੋਤਿ ਬਿਗਾਸ (ਪੰਜਾਬੀ) ਪੁਸਤਕ ਵਿਚ ਲਿਖਦੇ ਹਨ :

**ਨਾਨਕ ਸੋ ਅੰਗਦ ਗੁਰ ਦੇਵਨਾ**
**ਸੋ ਅਮਰ ਦਾਸ ਹਰਿ ਸੇਵਨਾ॥੨੭॥**
**ਸੋ ਰਾਮਦਾਸ ਸੋ ਅਰਜਨਾ**
**ਸੋ ਹਰਿ ਗੋਬਿੰਦ ਹਰਿ ਪਰਸਨਾ॥੨੮॥**
**ਸੋ ਕਰਤਾ ਹਰਿ ਰਾਇ ਦਾਤਾਰਨੰ**
**ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ॥੨੯॥**
**ਸੋ ਤੇਗ ਬਹਾਦੁਰ ਸਤਿ ਸਰੂਪਨਾ**
**ਸੋ ਗੁਰੂ ਗੋਬਿੰਦ ਸਿੰਘ ਹਰਿ ਕਾ ਰੂਪਨਾ॥੩੦॥**
**ਸਭ ਏਕੋ ਏਕੋ ਏਕਣਾ**
**ਨਹੀਂ ਭੇਦ ਨ ਕਛੂ ਭੀ ਪੇਖਨਾ॥੩੧॥**

ਭਾਈ ਸਾਹਿਬ ਆਪਣੀ ਪੁਸਤਕ ਜੋਤਿ ਬਿਗਾਸ (ਫ਼ਾਰਸੀ) ਵਿਚ ਉਪਰੋਕਤ ਖਿਆਲ ਨੂੰ ਹੀ ਇਸ ਤਰ੍ਹਾਂ ਦਰਸਾਉਂਦੇ ਹਨ :

**ਹਮੂ ਨਾਨਕ ਅਸਤ, ਹਮੂ ਅੰਗਦ ਅਸਤ॥**
**ਹਮੂ ਅਮਰਦਾਸ ਅਫ਼ਜ਼ਲੋ ਅਮਜ਼ਦ ਅਸਤ॥੨੨॥**

ਨਾਨਕ ਵੀ ਉਹੀ ਹੈ ਅਤੇ ਅੰਗਦ ਵੀ ਉਹੀ
ਬਖਸ਼ਿਸ਼ ਅਤੇ ਵੱਡੀ ਵਡਿਆਈ ਦਾ ਮਾਲਕ ਅਮਰਦਾਸ ਵੀ ਉਹੀ ਹੈ।

**ਹਮੂ ਰਾਮਦਾਸੋ, ਹਮੂ ਅਰਜੁਨ ਅਸਤ॥**
**ਹਮੂ ਹਰਿਗੋਬਿੰਦ ਅਕਰਮੋ ਅਹਿਸਨ ਅਸਤ॥੨੪॥**

ਉਹੀ ਰਾਮ ਦਾਸ ਅਤੇ ਉਹੀ ਅਰਜੁਨ ਹੈ,
ਸਭ ਤੋਂ ਵੱਡਾ ਅਤੇ ਚੰਗੇਰਾ ਹਰਗੋਬਿੰਦ ਵੀ ਉਹੀ ਹੈ।

**ਹਮੂ ਅਸਤ ਹਰਿ ਰਾਇ ਕਰਤਾ ਗੁਰੂ॥**
**ਬਦੂ ਆਸ਼ਕਾਰਾ ਹਮਾ ਪੁਸ਼ਤ ਰੂ॥੨੪॥**

ਉਹੀ ਹਰਿਰਾਇ ਕਰਤਾ ਗੁਰੂ ਹੈ,
ਜਿਸ ਨੂੰ ਹਰ ਸ਼ੈ ਦੀ ਸਿੱਧ ਪੁਠ ਸਾਫ਼ ਪ੍ਰਗਟ ਹੋ ਜਾਂਦੀ ਹੈ।

**ਹਮੂ ਹਰਿਕ੍ਰਿਸ਼ਨ ਆਮਦਾ ਸਰ ਬੁਲੰਦ॥**
**ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ॥੨੫॥**

ਉਹੀ ਸਿਰ-ਕੱਢ ਉੱਚ ਦਰਜੇ ਵਾਲਾ ਹਰਿਕ੍ਰਿਸ਼ਨ ਹੈ
ਜਿਸ ਤੋਂ ਹਰ ਹਾਜਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ।

**ਹਮੂ ਅਸਤ ਤੇਗਿ ਬਹਾਦਰ ਗੁਰੂ**
**ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ॥੨੬॥**

ਉਹੀ ਗੁਰੂ ਤੇਗ ਬਹਾਦਰ ਹੈ,
ਜਿਸ ਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ।

**ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ॥**
**ਹਮੂ ਰਤਨ ਜੌਹਰ ਹਮੂ ਮਾਨਕ ਅਸਤ॥੨੭॥**

ਉਹੀ ਗੁਰੂ ਗੋਬਿੰਦ ਸਿੰਘ ਹੈ ਅਤੇ ਉਹੀ ਨਾਨਕ ਗੁਰੂ ਹੈ,
ਉਸ ਦੇ ਸ਼ਬਦ ਜਵਾਹਰਾਤ ਅਤੇ ਮਾਣਕ ਮੋਤੀ ਹਨ।

ਗੁਰੂ ਸਾਹਿਬ ਇਤਿਹਾਸਕ ਵਿਅਕਤੀ ਹਨ। ਇਸ ਲਈ ਇਤਿਹਾਸਕਾਰਾਂ ਦਾ ਹਵਾਲਾ ਦੇਣਾ ਵੀ ਜ਼ਰੂਰੀ ਹੈ।

**ਮੁਹਸਨ ਫਾਨੀ** ਜੋ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਵੇਲੇ ਹਿੰਦੁਸਤਾਨ ਆਇਆ ਸੀ, ਲਿਖਦਾ ਹੈ :

*"ਸਿੱਖਾਂ ਦਾ ਨਿਸਚਾ ਹੈ ਕਿ ਜਦ ਗੁਰੂ ਨਾਨਕ ਜੀ ਨੇ ਦੇਹ ਤਿਆਗੀ ਤਾਂ ਉਹਨਾਂ ਦੀ ਆਤਮਿਕ ਜੋਤਿ ਗੁਰੂ ਅੰਗਦ ਦੇਵ ਜੀ ਵਿਚ ਆ ਗਈ। ਇਸੇ ਤਰ੍ਹਾਂ ਗੁਰੂ ਅੰਗਦ ਨੇ ਉਹੀ ਜੋਤਿ, ਤੀਜੇ ਗੁਰੂ ਦੇ ਸਰੀਰ ਵਿਚ ਜਗਾ ਦਿਤੀ। ਇਸੇ ਤਰ੍ਹਾਂ ਲੜੀ ਚਲ ਰਹੀ ਹੈ, ਸਾਰੇ ਗੁਰੂ, ਨਾਨਕ ਸਰੂਪ ਹਨ ਤੇ ਉਹ ਆਪਣੇ ਆਪ ਨੂੰ ਨਾਨਕ ਹੀ ਕਹਾਉਂਦੇ ਹਨ – ਛੇਵੇਂ ਗੁਰੂ ਹਰਿ ਗੋਬਿੰਦ ਜੀ ਨੇ ਮੈਨੂੰ ਇਕ ਚਿੱਠੀ ਲਿਖੀ ਸੀ, ਉਸ ਵਿਚ ਉਹਨਾਂ ਨੇ ਆਪਣੇ ਆਪ ਨੂੰ 'ਨਾਨਕ' ਕਰਕੇ ਹੀ ਲਿਖਿਆ ਸੀ।"*

ਇਸੇ ਤਰ੍ਹਾਂ ਪੱਛਮੀ ਵਿਦਵਾਨ **ਜੇ. ਡੀ. ਕਨਿੰਘਮ** ਆਪਣੀ ਪੁਸਤਕ "ਦਾ ਹਿਸਟਰੀ ਆਫ਼ ਦੀ ਸਿੱਖਸ" ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਦੀ ਜੋਤਿ ਦਾ ਮਾਲਿਕ ਦਸਦਾ ਹੈ : *"ਇਹ ਜੋਤਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਉਸੇ ਤਰ੍ਹਾਂ ਪਹੁੰਚੀ ਜਿਵੇਂ ਇਕ ਲੈਂਪ ਆਪਣੀ ਲਾਟ ਦੂਜੇ ਲੈਂਪ ਨੂੰ ਦਿੰਦਾ ਹੈ।"*

ਇਕ ਜੋਤਿ ਦੀ ਨਿਰੰਤਰਤਾ ਤੇ ਸਿਧਾਂਤਕ ਏਕਤਾ ਦੇ ਵਿਕਾਸ ਬਾਰੇ ਇਤਿਹਾਸਕਾਰ **ਗੋਕਲ ਚੰਦ ਨਾਰੰਗ** ਲਿਖਦਾ ਹੈ ਕਿ *"ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦਾ ਕੰਮ ਉਸ ਉਨਤੀ ਦਾ ਨਤੀਜਾ ਸੀ ਜੋ ਮੁਢ ਤੋਂ ਹੁੰਦੀ ਆਈ ਸੀ। ਜਿਸ ਫ਼ਸਲ ਨੇ ਗੁਰੂ ਗੋਬਿੰਦ ਸਿੰਘ ਵੇਲੇ ਫਲ ਦਿਤਾ ਉਸ ਦੀ ਬੀਜਾਈ ਗੁਰੂ ਨਾਨਕ ਜੀ ਨੇ ਕੀਤੀ ਸੀ ਅਤੇ ਅੱਠਾਂ ਗੁਰੂਆਂ*

ਨੇ ਉਸ ਨੂੰ ਸਿੰਜਿਆ ਸੀ, ਜਿਸ ਤੇਗ ਨੇ ਖਾਲਸੇ ਦੀ ਸ਼ਾਨ ਫੈਲਾਈ, ਇਹ ਠੀਕ ਹੈ ਕਿ ਉਸ ਨੂੰ ਤਿਆਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਪਰ ਫੌਲਾਦ ਗੁਰੂ ਨਾਨਕ ਜੀ ਕਮਾ ਕੇ ਦੇ ਗਏ ਸਨ।'' ਸਪੱਸ਼ਟ ਹੈ ਕਿ ਪਹਿਲੀ ਪਾਤਸ਼ਾਹੀ ਦੇ ਪਾਏ ਸਿਧਾਂਤਕ ਨਿਸ਼ਚੇ ਤੇ ਅਕੀਦਿਆਂ ਦੀ ਲੀਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹ-ਮਾਰਗ ਬਣਾਇਆ।

**ਡਾਕਟਰ ਟਰੰਪ** ਨੇ ਬਹੁਤ ਸੁੰਦਰ ਲਿਖਿਆ ਹੈ ਕਿ *''ਇਹ ਭਿੰਨ ਭੇਦ ਕਰਨ ਦੀ ਕੋਈ ਲੋੜ ਨਹੀਂ ਕਿ ਕਿਹੜੀ ਗੱਲ ਕਿਹੜੇ ਗੁਰੂ ਨੇ ਕਹੀ। ਫ਼ਲਾਨੀ ਬਾਬੇ ਨਾਨਕ ਨੇ ਕਹੀ ਤੇ ਫਲਾਣੀ ਕਿਸੇ ਹੋਰ ਗੁਰੂ ਨੇ। ਸਾਰੇ ਗੁਰੂਆਂ ਨੇ ਉਹੋ ਹੀ ਗੱਲਾਂ ਕਹੀਆਂ ਜਿਹੜੀਆਂ ਗੁਰੂ ਨਾਨਕ ਸਾਹਿਬ ਨੇ ਕਹੀਆਂ ਸਨ।''*

ਸੈਭੰ ਵਾਹਿਗੁਰੂ ਤੋਂ ਨਾਨਕ ਨਿਰੰਕਾਰੀ ਅੰਦਰ ਜੋਤਿ ਜਗੀ, ਤੇ ਗੁਰੂ ਨਾਨਕ ਨਿਰੰਕਾਰੀ ਨੇ ਉਹੀ ਜੋਤਿ ਭਾਈ ਲਹਿਣਾ ਜੀ ਅੰਦਰ ਜਗਾਈ ਅਤੇ ਆਪਣਾ ਅੰਗ ਗੁਰੂ ਅੰਗਦ ਦੂਜੀ ਪਾਤਸ਼ਾਹੀ ਨੂੰ ਬਣਾਇਆ ਤੇ ਜੋਤਿ ਦੇ ਪ੍ਰਵੇਸ਼ ਵਾਲਾ ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਤੱਕ ਜਾਰੀ ਰਿਹਾ। ਹਰ ਗੁਰੂ ਸਾਹਿਬ ਨੇ ਆਪਣੇ ਸਮੇਂ ਵਿਚ ਇਨਸਾਨੀਅਤ ਅੰਦਰ ਖਾਸ ਖਾਸ ਗੁਣ ਭਰੇ ਅਤੇ ਸਮੁੱਚੀ ਕੌਮ ਨੂੰ ਮੁਕੰਮਲ ਇਨਸਾਨੀਅਤ ਦੇ ਸੰਚੇ ਵਿਚ ਵਾਰੇ ਵਾਰੀ ਢਾਲਦੇ ਗਏ।

ਜਦੋਂ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਅਨੁਭਵ ਕਰ ਲਿਆ ਕਿ ਇਹ ਨਵੀਂ ਸਜੀ ਕੌਮ ਆਪਣੇ ਪੈਰਾਂ ਤੇ ਆਪ ਖਲੋ ਕੇ ਅਗਾਂਹ ਵਧ ਸਕਦੀ ਹੈ ਤਾਂ ਉਨ੍ਹਾਂ ਨੇ ਗੁਰਿਆਈ ਗੁਰੂ ਗ੍ਰੰਥ-ਪੰਥ ਨੂੰ ਦੇ ਦਿਤੀ, ਅਥਵਾ ਗੁਰਬਾਣੀ ਦੇ ਸੰਚੇ ਵਿਚ ਢਲੀ, ਜੀਵਨ ਵਾਲੀ ਕੌਮ ਨੂੰ ਸਾਰੀ ਜ਼ਿੰਮੇਵਾਰੀ ਸੌਂਪ ਦਿਤੀ। ਇਸ ਜ਼ੁੰਮੇਵਾਰੀ ਸੌਂਪਣ ਦੇ ਕੰਮ ਨੂੰ, ਉਨ੍ਹਾਂ ਪੰਜ ਪਿਆਰੇ ਚੁਣ ਕੇ ਪਹਿਲਾਂ ਅੰਮ੍ਰਿਤ ਪ੍ਰਚਾਰ ਦੇ ਕੌਤਕ ਤੋਂ ਸ਼ੁਰੂ ਕੀਤਾ। ਸਿੱਖ ਕੌਮ ਵਿਚੋਂ ਉਨ੍ਹਾਂ ਪੰਜ ਨੁਮਾਇੰਦੇ ਚੁਣੇ। ਇਸ ਚੁਣਾਉ ਲਈ ਉਨ੍ਹਾਂ ਇਕ ਇਮਤਿਹਾਨ ਰਖਿਆ ਸੀ, ਉਹ ਸੀ ਸੀਸ ਭੇਟ ਦਾ। ਜਦ ਇਸ ਤਰ੍ਹਾਂ ਪੰਜ ਸਿਰਲੱਥ ਸਿੰਘ ਛਾਂਟੇ ਗਏ ਤਾਂ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਅੰਮ੍ਰਿਤਧਾਰੀ ਜਥੇ ਦਾ ਨਾਉਂ 'ਖਾਲਸਾ' ਰਖਿਆ ਗਿਆ। ਇਹ ਦ੍ਰਿੜ੍ਹ ਕਰਨ ਲਈ ਕਿ ਖਾਲਸਾ ਹੁਣ ਪੂਰੇ ਤੌਰ ਉਤੇ ਅਗਵਾਈ ਕਰਣ ਯੋਗ ਹੈ ਤੇ ਉਸ ਕੰਮ ਨੂੰ ਜਿਹੜਾ ਗੁਰੂ ਨਾਨਕ ਨੇ ਅਰੰਭਿਆ ਸੀ ਤੇ ਜਿਸ ਕੰਮ ਨੂੰ ਪਹਿਲੇ ਨਾਨਕ ਦੇ ਪਿਛੋਂ ਨੌਂ ਹੋਰ ਨਾਨਕ ਚਲਾਂਦੇ ਆਏ ਸਨ, ਚੰਗੀ ਤਰ੍ਹਾਂ ਨਿਭਾ ਸਕਦਾ ਹੈ, ਅਥਵਾ ਗੁਰੂ ਪਦਵੀ ਲੈ ਸਕਦਾ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਆਪ ਉਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਸੰਸਾਰ ਦੇ ਮਜ਼੍ਹਬਾਂ ਦੀ ਉੱਨਤੀ ਦੇ ਇਤਿਹਾਸ ਵਿਚ ਇਹ ਇਕ ਬੜੀ ਅਨੋਖੀ ਤੇ ਆਪਣੀ ਕਿਸਮ ਦੀ ਵਚਿਤ੍ਰ ਘਟਨਾ ਸੀ ਕਿ ਗੁਰੂ, ਗੁਰੂ ਤੇ ਚੇਲੇ ਦੋਹਾਂ ਦੇ ਪਾਰਟ ਅਦਾ ਕਰੇ। ਇਹ ਧਾਰਮਿਕ ਮੰਡਲ ਵਿਚ ਆਤਮਕ ਸੋਸ਼ਲਿਜ਼ਮ ਸੀ। ਇਨਸਾਨੀਅਤ ਨੂੰ ਉਤਾਂਹ ਚੁਕਣ ਵਿਚ ਇਹ ਬਹੁਤ ਵੱਡਾ ਕਦਮ ਸੀ। ਇਸ ਦੀ ਅਹਿਮੀਅਤ ਨੂੰ ਅਜੇ ਤੱਕ ਚੰਗੀ ਤਰ੍ਹਾਂ ਮਹਿਸੂਸ ਨਹੀਂ ਕੀਤਾ ਗਿਆ ਤੇ ਨਾ ਹੀ ਯੋਗ ਤਰ੍ਹਾਂ ਨਾਲ ਪ੍ਰਚਾਰਿਆ ਗਿਆ ਹੈ। ਹਰ ਇਕ ਗੁਰੂ, ਪੈਗੰਬਰ, ਅਵਤਾਰ ਆਪਣੇ ਚੇਲਿਆਂ ਪੈਰੋਕਾਰਾਂ ਨੂੰ ਆਪਣੇ ਚੇਲੇ ਤੇ ਪੈਰੋਕਾਰ ਹੀ ਸਮਝਦਾ ਹੈ, ਆਪਣੇ ਨਾਲੋਂ ਨੀਵੇਂ, ਤੇ ਕਿਸੇ ਹੇਠਲੀ ਮੰਜਲ ਉਤੇ ਖਲੋਤੇ ਹੋਏ। ਪਰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਪਰਖ ਲਿਆ ਕਿ ਉਹ ਪੰਜ ਸਿੰਘ ਹਰ ਤਰ੍ਹਾਂ ਨਾਲ ਮੁਕੰਮਲ ਹਨ ਤਾਂ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕਣ ਵਿੱਚ ਗੁਰੇਜ ਨਾ ਕੀਤਾ।

ਇਸ ਤਰ੍ਹਾਂ ਦਸਵੇਂ ਗੁਰੂ ਸਾਹਿਬ ਨੇ ਉਸੇ ਜੋਤਿ ਨੂੰ ਜਿਹੜੀ ਧੁਰ ਅਕਾਲ ਪੁਰਖ ਕੋਲੋਂ ਗੁਰੂ ਨਾਨਕ ਦੇਵ ਜੀ ਰਾਹੀਂ ਉਨ੍ਹਾਂ ਨੂੰ ਮਿਲੀ ਸੀ, ਪੰਜਾਂ ਪਿਆਰਿਆਂ ਰਾਹੀਂ ਪੰਥ ਵਿਚ ਪ੍ਰਵੇਸ਼ ਕਰ ਦਿਤਾ। ਇਉਂ ਪੰਥ ਗੁਰੂ ਦਾ ਸਰੀਰ, ਖਾਸ ਰੂਪ ਹੋ ਗਿਆ। 'ਖਾਲਸਾ ਮੇਰੋ ਰੂਪ ਹੈ ਖਾਸ' ਸਤਿਗੁਰਾਂ ਫ਼ੁਰਮਾਇਆ। ਇਸ ਪੰਥ-ਸਰੀਰ ਦੀ ਰੂਹ ਧੁਰ ਕੀ ਬਾਣੀ, ਜੋ ਗੁਰੂ ਗ੍ਰੰਥ ਵਿਚ ਦਰਜ ਹੈ, ਥਾਪੀ ਗਈ। ਪੰਥ ਤਦ ਹੀ ਗੁਰੂ ਦਾ ਖਾਸ ਰੂਪ ਹੈ ਜੇਕਰ ਉਹ ਗੁਰਬਾਣੀ ਦੇ ਆਸ਼ੇ ਅਨੁਸਾਰ ਚਲੇ, ਦਸਾਂ ਗੁਰੂਆਂ ਦੇ ਪਾਇਆਂ ਪੂਰਨਿਆਂ ਤੇ ਟੁਰੇ। ਜੇਕਰ ਮਨ-ਮਤ ਕਰੇ ਤਾਂ ਪੰਥ ਨਹੀਂ, ਖ਼ਾਲਸਾ ਨਹੀਂ, ਖਾਸ ਰੂਪ ਨਹੀਂ, ਸਗੋਂ ਸਧਾਰਨ ਕੁਰਾਹੀ ਜਨਤਾ ਹੈ। ਗੁਰੂ ਜੀ ਦਾ ਪੂਰਨ ਸਰੂਪ, ਖਾਸ ਰੂਪ ਗੁਰੂ ਗ੍ਰੰਥ-ਪੰਥ ਅਰਥਾਤ ਖਾਲਸਾ ਹੈ। ਇਸ ਪੰਥ ਦੇ ਛੋਟੇ ਜੁਜ਼ ਸੰਗਤਾਂ ਹਨ। ਸੰਗਤ ਥਾਂ-ਥਾਂ ਹੋ ਸਕਦੀ ਹੈ। ਪੰਥ ਸਮੂੰਹ ਸੰਗਤਾਂ ਦੀ ਜਥੇਬੰਦੀ ਦਾ ਨਾਉਂ ਹੈ। ਸਥਾਨਕ ਲੋੜਾਂ ਲਈ ਸੰਗਤਾਂ ਤੇ ਪੰਥਕ ਕਾਰਜਾਂ ਲਈ ਪੰਥ ਆਪਣੇ ਵਿਚੋਂ ਪੰਜ ਪਿਆਰੇ ਥਾਪ ਲੈਂਦਾ ਹੈ। ਇਹ ਪੰਜ ਪਿਆਰੇ ਗੁਰਮਤਿ ਅਨੁਸਾਰ ਫੈਸਲੇ ਦੇਣ ਲਈ ਖ਼ੁਦ ਮੁਖਤਿਆਰ ਹੁੰਦੇ ਹਨ, ਇਸੇ ਤਰ੍ਹਾਂ ਸੰਗਤ ਗੁਰੂ ਰੂਪ ਹੁੰਦੀ ਹੈ। ਇਹ ਸੀ ਸਾਰਾ ਅਮਲ, ਜੋ ਗੁਰੂ ਨਾਨਕ ਰਾਹੀਂ ਅਕਾਲ ਪੁਰਖ ਤੋਂ ਚਲਿਆ ਤੇ ਨੌਂ ਗੁਰੂਆਂ ਦੀ ਘੜੀ ਟਕਸਾਲ ਦੇ ਸੱਚੇ ਵਿਚ ਪੈ ਕਿ ਖਾਲਸਾ ਪੰਥ ਦੀ ਛਾਪ ਦਾ ਸਿੱਕਾ ਢਲ ਕੇ ਗੁਰੂ ਰੂਪ ਹੋ ਗਿਆ। ਇਸ ਤਰ੍ਹਾਂ ਨਾਲ ਉਹੋ ਏਕਾ ਜੋਤਿ ਸਾਰੇ ਦਸਾਂ ਗੁਰੂਆਂ ਵਿਚ ਵਰਤਦੀ ਹੈ ਤੇ ਸਾਰੇ ਗੁਰੂ ਨਾਨਕ ਰੂਪ ਹਨ ਤੇ ਇਕ ਸਰੂਪ ਹਨ।

ਜਿਨ੍ਹਾਂ ਮਨੁੱਖਾਂ ਨੂੰ ਇਸ 'ਇਕ ਜੋਤਿ' ਦੇ ਨਿਸਚੇ ਵਾਲੀ ਗੱਲ ਸਮਝ ਵਿਚ ਨਹੀਂ ਆਈ, ਉਹਨਾਂ ਨੇ ਦਸ ਗੁਰੂ ਸਾਹਿਬਾਨ ਦੇ ਵਿਵਹਾਰਕ ਜੀਵਨ ਨੂੰ ਇਕ ਦੂਸਰੇ ਨਾਲੋਂ ਭਿੰਨ ਪ੍ਰਤੀਤ ਕੀਤਾ ਹੈ। ਇਸ ਲਈ ਕਈਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰੂ ਨਾਨਕ ਦਾ ਰਾਹ ਤੇ ਗੁਰੂ ਹਰਿਗੋਬਿੰਦ, ਗੁਰੂ ਗੋਬਿੰਦ ਸਿੰਘ ਜੀ ਦਾ ਰਾਹ ਵਖਰਾ-ਵਖਰਾ ਸੀ। 'ਇਕ ਜੋਤਿ' ਦੀ ਪਰੰਪਰਾ ਨੂੰ ਨਾ ਸਮਝਣ ਕਰਕੇ; ਗੁਰੂ ਸਾਹਿਬਾਨ ਦੇ ਜੀਵਨ ਨੂੰ ਓਪਰੀ ਨਜ਼ਰੇ ਵੇਖਣ ਕਰਕੇ ਹੀ, ਉਹਨਾਂ ਲੋਕਾਂ ਨੂੰ ਇਹ ਵਖਰੇਵਾਂ ਭਾਸਦਾ ਹੈ। ਐਸਾ ਟਪਲਾ 'ਜਾਦੂ ਨਾਥ ਸਰਕਾਰ' ਨੇ ਵੀ ਖਾਧਾਂ ਹੈ ਜਦੋਂ ਉਸ ਨੇ ਇਹ ਲਿਖ ਦਿਤਾ ਕਿ :

"ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੀਆਂ ਮਨੁੱਖੀ ਸ਼ਕਤੀਆਂ ਨੂੰ ਹੋਰਾਂ ਪਾਸਿਆਂ ਤੋਂ ਹਟਾ ਕੇ ਕੇਵਲ ਇਕ ਵਿਸ਼ੇਸ਼ ਲੀਹ ਉਤੇ ਪਾ ਦਿਤਾ। ਸਿੱਖ ਸਰਬ ਗੁਣ ਸੰਪੂਰਨ ਨਾ ਰਹੇ। ਗੁਰੂ ਸਾਹਿਬ ਨੇ ਸਿੱਖਾਂ ਦੀ ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਨੂੰ ਸੰਸਾਰਕ ਸਫਲਤਾ ਤੇ ਰਾਜਨੀਤਕ ਉੱਨਤੀ ਦਾ ਸਾਧਨ ਬਣਾ ਲਿਆ। ਇਸ ਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਦੀ ਸਦੀਆਂ ਤੋਂ ਹੋ ਰਹੀ ਸਦਾਚਾਰਕ ਤੇ ਆਤਮਿਕ ਉੱਨਤੀ ਯਕ-ਲਖਤ ਰੁੱਕ ਗਈ ਤੇ ਉਹ ਕੇਵਲ ਸਿਪਾਹੀ ਬਣ ਗਏ।"

ਇਸੇ ਤਰ੍ਹਾਂ ਹੀ ਗੁਰੂ ਹਰਗੋਬਿੰਦ ਸਾਹਿਬ ਦੀ ਨਵੀਨ ਨੀਤੀ ਦੇ ਵਾਸਤਵਿਕ ਕਾਰਨਾਂ ਨੂੰ ਅੱਖੋਂ ਓਹਲੇ ਕਰਕੇ ਉਹਨਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਆਪਣੀ ਪੂਰਵ ਗੁਰੂ-ਪਰੰਪਰਾ ਤੋਂ ਟੁੱਟ ਕੇ ਇਕ ਵੱਖਰੀ ਲੀਹ ਤੇ ਟੁਰ ਪਏ ਅਤੇ ਉਹਨਾਂ ਨੇ ਆਪਣੇ ਧਾਰਮਿਕ ਤੇ ਪ੍ਰਮਾਰਥਕ ਫ਼ਰਜ਼ਾਂ ਵਲੋਂ ਅਣਗਹਿਲੀ ਕੀਤੀ ਅਤੇ ਇਕ ਥਾਂ ਟਿੱਕ ਕੇ ਆਪਣੇ ਸਿੱਖਾਂ ਦੀ ਅਗਵਾਈ ਕਰਨ ਦੀ ਥਾਂ ਉਹ ਸ਼ਿਕਾਰ ਤੇ ਯੁੱਧਾਂ ਵਿਚ ਰੁੱਝੇ ਰਹੇ। ਇਵੇਂ ਮਹਿਸੂਸ ਹੁੰਦਾ

ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦਾ ਨਾਮ ਰੂਪੀ ਸੀਤਲ ਸੋਮਾ ਫ਼ੌਜੀ ਛਾਉਣੀ ਦੇ ਮਾਰੂਥਲ ਵਿਚ ਜਾ ਕੇ ਸੁੱਕ ਗਿਆ।

ਇਸ ਤਰ੍ਹਾਂ ਦੇ ਕੀਤੇ ਜਾਂਦੇ ਪ੍ਰਚਾਰ ਤੋਂ ਸਾਡੀ ਧਾਰਮਿਕ ਏਕਤਾ ਨੂੰ ਖਤਰਾ ਹੈ। ਇਸ ਵਿਚਾਰ ਦੁਆਰਾ ਜਨ ਸਾਧਾਰਣ ਨੂੰ ਗੁਮਰਾਹ ਕਰਕੇ ਸਾਡੇ ਵਿਚ ਵੰਡੀਆਂ ਪਾਈਆਂ ਜਾ ਸਕਦੀਆਂ ਹਨ ਜਿਵੇਂ ਗੁਰੂ ਸਾਹਿਬ ਦੇ ਆਪਣੇ ਸਮੇਂ ਵਿਚ ਭੀ ਅਜਿਹੇ ਲੋਕ ਉਦਾਸੀ, ਮੀਣੇ, ਧੀਰਮਲੀਏ ਤੇ ਰਾਮਰਾਈਏ ਆਦਿਕਾਂ ਦੀ ਸ਼ਕਲ ਓਵਿਚ ਆਪਣੇ ਅਸਲੀ ਮੁੱਢ ਤੋਂ ਨਿਖੜ ਕੇ ਵਖਰੀਆਂ ਸ਼ਾਖਾਂ ਬਣਾ ਬੈਠੇ ਸਨ।

ਜੇਕਰ ਅਸੀਂ ਗੁਰੂ ਸਾਹਿਬਾਨ ਦੇ ਵਿਵਹਾਰਿਕ ਜੀਵਨ ਦੇ ਕਾਰਜਾਂ ਦੇ ਪਿਛੋਕੜ ਵਿਚ ਉਸ ਸਮੇਂ ਦੀਆਂ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕਰੀਏ ਤਾਂ ਸਾਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਸਤਰਧਾਰੀ ਹੋਣਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸਾਜ ਕੇ ਨਿਆਰੀ ਰਹਿਤ ਬਹਿਤ ਪ੍ਰਦਾਨ ਕਰਨਾ ਅਸਚਰਜ ਤੇ ਵਖਰੇਵੇਂ ਵਾਲਾ ਨਹੀਂ ਜਾਪੇਗਾ। ਇਹ ਭਗਤੀ ਤੇ ਸ਼ਕਤੀ ਦੇ ਸੁਮੇਲ ਦੀ ਲਹਿਰ ਗੁਰੂ ਨਾਨਕ ਦੇ ਚਲਾਏ ਹੋਏ ਉਸ ਇਨਕਲਾਬੀ ਰਾਹ ਦਾ ਹੀ ਵਿਕਾਸ ਸੀ ਜਿਸ ਦੀ ਨੀਂਹ ਗੁਰੂ ਨਾਨਕ ਪਾਤਸ਼ਾਹ ਨੇ ਆਪ ਇਹ ਕਹਿ ਕੇ ਰਖੀ ਸੀ :–

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

*(ਸਲੋਕ, ਵਾਰਾਂ ਤੇ ਵਧੀਕ, ਮ: ੧, ਪੰਨਾ ੧੪੧੨)*

ਗੁਰੂ ਨਾਨਕ ਸਾਹਿਬ ਦੁਆਰਾ ਪ੍ਰਚਾਰਿਆ ਜਾ ਰਿਹਾ ਧਰਮ ਪੁਰਾਣੇ ਮੱਤਾਂ ਮਤਾਤਰਾਂ ਦੀ ਸਫ ਵਲੇਟਦਾ ਸੀ। ਵਕਤ ਦੀ ਜ਼ਾਲਮ ਹੁਕਮਰਾਨ ਸਰਕਾਰ ਵਿਰੁਧ ਲੋਕਾਂ ਨੂੰ ਜੂਝਣ ਲਈ ਪ੍ਰੇਰਦਾ ਸੀ। ਹਿੰਦੂ ਮੱਤ ਵਾਲੇ ਕਰਮ ਕਾਂਡਾਂ ਦੇ ਬ੍ਰਾਹਮਣਵਾਦ ਦਾ ਜੂਲਾ ਲੋਕਾਂ ਗਲੋਂ ਲਾਹੁੰਦਾ ਸੀ। ਜ਼ਾਤ ਪਾਤ, ਸੁਚ ਭਿਟ, ਨਫਰਤ ਸਾੜਾ ਤੇ ਕੀਨਾ ਖਤਮ ਕਰਕੇ '**ਏਕ ਪਿਤਾ ਏਕਸ ਕੇ ਹਮ ਬਾਰਿਕ**' ਦਾ ਸੰਦੇਸ਼ ਦ੍ਰਿੜ ਕਰਵਾਉਂਦਾ ਸੀ। ਜਦੋਂ ਐਸੇ ਧਰਮ ਦੇ ਪ੍ਰਚਾਰ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਆ ਗਈ ਤੇ ਲੋਕਾਂ ਦੀ ਸੋਚਣੀ ਇਕ ਹੋ ਗਈ, ਬੈਠਕ ਤੇ ਖਾਣ ਪੀਣ ਇਕ ਹੋ ਗਿਆ ਤਾਂ ਲਾਜ਼ਮੀ ਸੀ ਕਿ ਉਹਨਾਂ ਅੰਦਰ ਕੁਝ ਅਜਿਹੀ ਇਕਸਾਰਤਾ ਪੈਦਾ ਹੋ ਜਾਂਦੀ ਜੋ ਹੋਰਨਾਂ ਨਾਲੋਂ ਅਡਰੀ ਹੋਵੇ ਤੇ ਜਦੋਂ ਇਹ ਇਕਸਾਰਤਾ ਵਧੀ ਤਾਂ ਅਜਿਹੇ ਲੋਕਾਂ ਦਾ ਜੋੜ ਠਿੱਗਰ (ਠੋਸ) ਹੋ ਜਾਣਾ ਕੁਦਰਤੀ ਸੀ। ਪਰ ਵਕਤ ਦੀ ਹਕੂਮਤ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਕੋਈ ਹੋਰ ਕੌਮ ਉਸ ਦੇ ਮੁਕਾਬਲੇ ਤੇ ਖੜ੍ਹੀ ਹੋ ਜਾਵੇ?

ਐਸਾ ਹੀ ਹੋਇਆ, ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਇਸ ਸੰਪੂਰਨ ਕ੍ਰਾਂਤੀ ਦੀ ਲਹਿਰ ਨੇ ਜਦੋਂ ਗੁਰੂ ਅਰਜਨ ਸਾਹਿਬ ਵੇਲੇ ਪੂਰਨਤਾ ਦੀਆਂ ਹੱਦਾਂ ਛੂਹਣੀਆਂ ਆਰੰਭ ਕੀਤੀਆਂ ਤਾਂ ਜਹਾਂਗੀਰ ਨੇ ਇਸ ਲਹਿਰ ਨੂੰ ਕੁਚਲ ਦੇਣ ਦਾ ਨਿਰਣਾ ਕੀਤਾ, ਜਿਸ ਦੇ ਫਲਸਰੂਪ ਗੁਰੂ ਅਰਜਨ ਸਾਹਿਬ ਦੀ 'ਸ਼ਹਾਦਤ' ਹੋਈ। ਇਹੀ ਸਮਾਂ ਸੀ ਜਦੋਂ ਗੁਰੂ ਹਰਿਗੋਬਿੰਦ ਸਾਹਿਬ

ਨੇ ਇਸ 'ਸੱਚ' ਦੀ ਲਹਿਰ ਨੂੰ ਸੁਰਜੀਤ ਰੱਖਣ ਲਈ ਭਗਤੀ ਦੇ ਨਾਲ ਸ਼ਕਤੀ ਦਾ ਜੋੜ ਜੋੜਿਆ ਤੇ ਸ਼ਸਤਰਧਾਰੀ ਹੋ ਕੇ ਵਕਤ ਦੀ ਹਕੂਮਤ ਨੂੰ ਸੱਚ ਦੀ ਲਹਿਰ ਨੂੰ ਦਬਾਉਣ ਤੋਂ ਰੋਕ ਦਿੱਤਾ। ਕੁਝ ਸਮੇਂ ਤਕ ਤਾਂ ਹਕੂਮਤ ਦਬੀ ਰਹੀ ਤੇ 'ਸੱਚ' ਦੀ ਲਹਿਰ ਵਧਦੀ ਰਹੀ ਪਰ 'ਗੁਰੂ ਤੇਗ ਬਹਾਦਰ ਸਾਹਿਬ' ਨੂੰ ਸ਼ਹੀਦ ਕਰਕੇ ਔਰੰਗਜ਼ੇਬ ਨੇ ਫਿਰ ਇਸ ਲਹਿਰ ਨੂੰ ਦਬਾਉਣ ਦਾ ਅਸਫਲ ਜਤਨ ਕੀਤਾ ਜਿਸ ਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਜ਼ਾਲਮ ਦੇ ਟਾਕਰੇ ਲਈ ਤੇ ਸਚ-ਧਰਮ ਦੀ ਲਹਿਰ ਨੂੰ ਸੁਰਜੀਤ ਰਖਣ ਲਈ ਪੱਕਾ ਪ੍ਰਬੰਧ ਕਰ ਦਿੱਤਾ। ਇਸ ਕਾਰਜ ਲਈ ਆਪ ਨੇ ਆਪਣਾ ਆਪਾ ਤੇ ਸਰਬੰਸ ਵਾਰ ਦਿਤਾ। ਇਸ ਸਨ ਉਸ ਸਮੇਂ ਦੇ ਸੰਖੇਪ ਹਾਲਾਤ, ਜਿਹਨਾਂ ਕਾਰਨਾਂ ਕਰਕੇ ਗੁਰੂ ਸਾਹਿਬਾਨ ਨੂੰ ਆਪਣੇ ਅਡਰੇ-ਅਡਰੇ ਸਰੀਰਕ ਜਾਮੇ ਵਿਚ ਕੁਝ ਵਖਰੇਵੇਂ ਵਾਲੇ ਬਾਹਰਮੁਖੀ ਕੰਮ ਕਰਨੇ ਪਏ ਪਰ ਇਹਨਾਂ ਸਾਰੇ ਕਾਰਜਾਂ ਦੇ ਮੁੱਢ ਵਿਚ ਨਿਸ਼ਾਨਾ ਇਕੋ ਸੀ ਕਿ 'ਸੱਚ ਧਰਮ ਦੀ ਲਹਿਰ' ਸੁਰਜੀਤ ਰਹਿ ਸਕੇ।

ਇਸ ਨਿਸ਼ਾਨੇ ਦੀ ਪੂਰਤੀ ਵਾਸਤੇ ਹੀ ਸਿੱਖ ਗੁਰੂਆਂ ਨੇ ਭਗਤੀ ਨਾਲ ਸ਼ਕਤੀ ਨੂੰ ਜੋੜਿਆ। ਸ਼ਸਤਰਧਾਰੀ ਹੋਣਾ, ਕਿਲ੍ਹੇ ਬਣਾਉਣਾ, ਜੰਗ ਯੁੱਧ ਕਰਨੇ ਇਸੇ ਕਰਕੇ ਹੀ ਸਨ ਕਿ ਗੁਰੂ ਨਾਨਕ ਦਾ ਚਲਾਇਆ 'ਅਕਾਲਪੁਰਖੀ ਧਰਮ' ਚੜ੍ਹਦੀ ਕਲਾ ਨਾਲ ਪ੍ਰਚਾਰਿਆ ਜਾ ਸਕੇ ਤੇ ਕੋਈ ਇਸ 'ਸਰਬਤ ਦੇ ਭਲੇ' ਵਾਲੇ ਧਰਮ ਨੂੰ ਪਰਚਾਰਨ ਵਿਚ ਰੋਕ ਨਾ ਪਾ ਸਕੇ।

ਜਿਥੋਂ ਤਕ ਸਿਧਾਂਤਕ ਨਿਸ਼ਚੇ ਤੇ ਅਕੀਦਿਆਂ ਦੀ ਗਲ ਹੈ ਉਹ ਸਭ ਗੁਰੂਆਂ ਦੇ ਇਕੋ ਹੀ ਸਨ। ਸਭਨਾਂ ਨੇ "**ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ**" (ਪੰਨਾ ੬੪੬) ਦੇ ਆਧਾਰ ਤੇ 'ਸਿੱਖ ਧਰਮ' ਦਾ ਪ੍ਰਚਾਰ ਕੀਤਾ।

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਜੋ ਸਰਬ ਪੱਖੀ ਗਿਰਾਵਟ ਆ ਚੁਕੀ ਸੀ ਉਸ ਲਈ ਜ਼ਰੂਰੀ ਸੀ ਕਿ ਜਨ ਸਾਧਾਰਨ ਨੂੰ ਲੰਮੇ ਸਮੇਂ ਦੀ ਸਿਖਲਾਈ ਦੇ ਕੇ ਉਸ ਵਿਚ ਨੈਤਿਕ ਗੁਣ, ਸ਼ਿਸ਼ਟਾਚਾਰ ਤੇ ਫ਼ੌਲਾਦੀ ਆਚਰਣ ਪੈਦਾ ਕਰਕੇ ਸੱਚੇ ਸੁੱਚੇ ਤੇ ਮੁਕੰਮਲ ਇਨਸਾਨਾਂ ਦੀ ਕੌਮ ਪੈਦਾ ਕੀਤੀ ਜਾਵੇ। ਇਹ ਕੰਮ ਕੋਈ ਥੋੜ੍ਹ ਚਿਰਾ ਨਹੀਂ ਸੀ, ਸਗੋਂ ਸਦੀਆਂ ਦੀ ਆਈ ਹੋਈ ਸਰਬ ਪੱਖੀ ਗਿਰਾਵਟ ਨੂੰ ਦੂਰ ਕਰਨ ਲਈ ਵਧੇਰੇ ਸਮੇਂ ਦੀ ਜ਼ਰੂਰਤ ਸੀ। ਇਸ ਲਈ ਹੀ ਅਮਲੀ ਸਿਖਲਾਈ ਦੀ ਪੂਰਨਤਾ ਲਈ 'ਗੁਰੂ ਜੋਤਿ' ਨੇ ਦਸ ਵੱਖ-ਵੱਖ ਜਾਮਿਆਂ ਵਿਚ ੨੩੯ ਸਾਲ ਲਗਾ ਕੇ, ਸਿੱਖ ਕੌਮ ਨੂੰ ਸੰਪੂਰਨਤਾ ਬਖਸ਼ ਕੇ, ਗੁਰੂ ਗ੍ਰੰਥ-ਪੰਥ ਦੀ ਸਥਾਪਨਾ ਕਰਕੇ, ਆਪਣਾ ਆਪ ਖਾਲਸੇ ਵਿਚ ਅਭੇਦ ਕਰ ਦਿਤਾ। ਇਸੇ ਕਰਕੇ ਸਿੱਖ ਦਾ ਗੁਰੂ, ਗੁਰੂ ਗ੍ਰੰਥ ਅਤੇ ਪੰਥ ਹੈ। ਗੁਰ-ਗ੍ਰੰਥ-ਪੰਥ ਵਿਚ ਹੀ 'ਗੁਰੂ ਜੋਤਿ' ਤੇ 'ਜੁਗਤਿ' ਬਿਰਾਜਮਾਨ ਹੈ।

## ਦੇਹਧਾਰੀ ਗੁਰੂ ਡੰਮ੍ਹ ਦਾ ਵਿਰੋਧ

ਮੁਲੰਮੇ ਨੂੰ ਸੋਨਾ ਅਤੇ ਲਾਲੜੀ ਨੂੰ ਲਾਲ ਦਸ ਕੇ ਵੇਚਣਾ, ਅਸਲੀ ਸਿਕੇ ਦੀ ਥਾਵੇਂ ਨਕਲੀ ਬਣਾ ਕੇ ਦੇਣਾ, ਬਹੁਤ ਭਾਰੀ ਠੱਗੀ ਹੈ। ਇਸੇ ਤਰ੍ਹਾਂ ਸੱਚੇ ਗੁਰੂਆਂ (ਦਸਾਂ ਪਾਤਸ਼ਾਹੀਆਂ) ਦੀ ਰੀਸ ਕਰਕੇ ਨਕਲੀ ਗੁਰੂ ਬਣ ਬੈਠਣਾ ਡਿੰਭੀ ਗੁਰੂਪੁਣਾ ਹੈ। ਐਸੇ ਡਿੰਭੀਆਂ (ਪਖੰਡੀਆਂ) ਨੂੰ ਕਲਗੀਧਰ ਪਾਤਸ਼ਾਹ ਇਸ ਤਰ੍ਹਾਂ ਤਾੜਨਾ ਕਰਦੇ ਹਨ :

**ਕਾਹੇ ਕੋ ਡਿੰਭ ਕਰੈ ਮਨ ਮੂਰਖ, ਡਿੰਭ ਕਰੇ ਅਪਨੀ ਪਤ ਖ੍ਵੈ ਹੈ॥**
**ਕਾਹੇ ਕੋ ਲੋਗ ਠਗੇ ਠਗ ਲੋਗਨ, ਲੋਕ ਗਯੋ ਪਰਲੋਕ ਗ੍ਵੈ ਹੈ॥**
**ਦੀਨ ਦਿਆਲ ਕੀ ਠਉਰ ਜਹਾਂ,**
**ਤਿਹ ਠਉਰ ਬਿਖੈ ਤੁਹਿ ਠਉਰ ਨ ਐ ਹੈ॥**
**ਚੇਤ ਰੇ ਚੇਤ, ਅਚੇਤ ਮਹਾਂ ਜੜ, ਭੇਖ ਕੇ ਕੀਨੇ ਅਲੇਖ ਨ ਪੈ ਹੈ॥**

*(੩੩ ਸਵੱਈਏ)*

ਗੁਰਦੇਵ ਫੁਰਮਾਉਂਦੇ ਹਨ, ਐ ਮੂਰਖੋ! ਪਖੰਡ ਕਰ ਕਰ ਕੇ ਕਿਉਂ ਮਹਾਤਮਾ ਬਣ ਬਣ ਦੱਸਦੇ ਹੋ ? ਇਹਨਾਂ ਡਿੰਭਾਂ ਅਤੇ ਪਖੰਡਾਂ ਨਾਲ ਤਾਂ ਤੁਸੀਂ ਆਪਣੀ ਪੱਤ, ਇਜ਼ਤ ਵੀ ਗਵਾ ਰਹੇ ਹੋ। ਤੁਸੀਂ ਦੁਨੀਆਂ ਨੂੰ ਠੱਗਣ ਤੇ ਧੋਖਾ ਦੇਣ ਦੀ ਸਹੁੰ ਖਾ ਰਖੀ ਹੈ ? ਯਕੀਨ ਜਾਣੋਂ ਦੁਨੀਆ ਨੂੰ ਠਗਣ ਨਾਲ ਨਾ ਤਾਂ ਤੁਸੀਂ ਹੁਣ ਤੇ ਨਾ ਹੀ ਅੱਗੇ ਚਲ ਕੇ ਕੋਈ ਉੱਚਾ ਆਤਮਕ ਰੁਤਬਾ ਜਾਂ ਇੱਜ਼ਤ ਹੀ ਪ੍ਰਾਪਤ ਕਰ ਸਕੋਗੇ। ਦੀਨਾਂ ਉਤੇ ਤਰਸ ਕਰਨ ਵਾਲਾ ਪ੍ਰਭੂ ਜਿਥੇ ਟਿਕਿਆ ਹੈ, ਉਸ ਸੁੰਦਰ ਮੰਡਲ ਵਿਚ ਤੁਹਾਨੂੰ ਕੋਈ ਇੱਜ਼ਤ ਵਾਲੀ ਥਾਂ ਜਾਂ ਪੁਜ਼ੀਸ਼ਨ ਨਹੀਂ ਮਿਲ ਸਕਣੀ।

ਐ ਮੂਰਖ ਪਖੰਡੀ ਤੇ ਭੇਖੀ ਸਾਧ! ਕੁਝ ਹੋਸ਼ ਕਰ, ਹੋਸ਼ ਕਰ! ਇਹਨਾਂ ਭੇਖਾਂ ਪਖੰਡਾਂ ਦੇ ਕਰਨ ਨਾਲ ਤੂੰ ਉਸ ਮਹਾਨ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕੇਂਗਾ।

ਡਿੰਭੀ ਪੁਰਸ਼ ਆਪਣਾ ਲੋਕ ਪਰਲੋਕ ਦੋਵੇਂ ਖਰਾਬ ਕਰ ਲੈਂਦੇ ਹਨ, ਕਿਉਂਕਿ

**ਉਘਰਿ ਗਇਆ ਜੈਸਾ ਖੋਟਾ ਢਬੂਆ, ਨਦਰਿ ਸਰਾਫਾ ਆਇਆ॥**

*(ਆਸਾ, ਮਹਲਾ ੫, ਪੰਨਾ ੩੮੧)*

ਪਾਰਖੂਆਂ ਅਗੇ ਡਿੰਭੀਆਂ ਦਾ ਪੋਲ ਖੁਲ੍ਹ ਜਾਂਦਾ ਹੈ। ਜਿਵੇਂ ਭਾਈ 'ਮੱਖਣ ਸ਼ਾਹ' ਨੇ ਬਾਬਾ ਬਕਾਲਾ ਵਿਖੇ ਗੁਰੂ ਬਣੀ ਬੈਠੀ ਟੋਲੀ ਦਾ ਪਾਜ ਉਘੇੜਿਆ ਸੀ। ਭਾਈ ਗੁਰਦਾਸ ਜੀ ਐਸੇ ਡਿੰਭੀ ਗੁਰੂਆਂ ਬਾਰੇ ਕਹਿੰਦੇ ਹਨ ਕਿ ਇਹ ਭਾਵੇਂ ਕਿੰਨੇ ਵੀ ਵਲ ਛੱਲ ਕਿਉਂ ਨਾ ਕਰਨ, ਇਹ ਆਪਣੀਆਂ ਕਰਤੂਤਾਂ ਤੋਂ ਸਹਿਜੇ ਹੀ ਪਛਾਣੇ ਜਾਂਦੇ ਹਨ :

**ਗੁਛਾ ਹੋਇ ਧ੍ਰਿਕਾਨੂਆ, ਕਿਉ ਵੁੜੀਐ ਦਾਖੈ।**
**ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।**
**ਗਹਣੇ ਜਿਉ ਜਰਪੋਸ ਦੇ, ਨਹੀ ਸੋਇਨ ਸਾਖੈ।**
**ਫਟਕ ਨ ਪੁਜਨਿ ਹੀਰਿਆ, ਓਇ ਭਰੇ ਬਿਆਖੈ।**
**ਧਉਲੇ ਦਿਸਨਿ ਛਾਹਿ ਦੁਧੁ, ਸਾਦਹੁ ਗੁਣ ਗਾਖੈ।**
**ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁਭਾਖੈ।੧੭।**

*(ਵਾਰ ੩੫, ਪਉੜੀ ੧੭)*

**ਪਦ ਅਰਥ** : ਵੁੜੀਏ–ਕਹੀਏ। ਜਰਪੋਸ–ਮੁਲੰਮੇ ਦੇ। ਫਟਕ–ਬਿਲੌਰ। ਬਿਆਖੈ–ਭਾਰੇ ਮੁਲ ਦੇ। ਗਾਖੈ–ਨਿਰਨੇ ਹੁੰਦੇ ਹਨ। ਸੁਭਾਖੈ–ਬੋਲਣ ਕਰਕੇ।

ਧਿਰਕੋਨਿਆਂ ਦਾ ਗੁਛਾ ਦਾਖ ਦਾ ਗੁਛਾ ਨਹੀਂ ਕਹਾ ਸਕਦਾ। ਅੱਕ ਦੀ ਖਖੜੀ ਨੂੰ, ਜੋ ਭਾਵੇਂ ਵੇਖਣ ਨੂੰ ਅੰਬ ਦੇ ਰੰਗ ਰੂਪ ਵਾਂਗੂੰ ਹੈ, ਅੰਬ ਕੋਈ ਨਹੀਂ ਕਹਿੰਦਾ। ਮੁਲੰਮੇ ਦੇ ਗਹਿਣੇ ਭਾਵੇਂ ਕਿੰਨੇ ਹੀ ਚਮਕਦਾਰ ਹੋਣ: ਪਰ ਸੋਨੇ ਦੇ ਨਹੀਂ ਕਹੇ ਜਾ ਸਕਦੇ, ਬਿਲੌਰ ਭਾਵੇਂ ਕਿੰਨਾ ਚਮਕਦਾਰ ਹੋਵੇ, ਹੀਰਿਆਂ ਨਾਲ ਨਹੀਂ ਪੁਜ ਸਕਦਾ, ਕਿਉਂਕਿ ਹੀਰੇ ਬੇਓੜਕ ਮੁਲ ਦੇ ਹੁੰਦੇ ਹਨ। ਲੱਸੀ ਅਤੇ ਦੁਧ ਰੂਪ ਰੰਗ ਕਰਕੇ ਦੋਵੇਂ ਧਉਲੇ ਰੰਗ ਦੇ 'ਚਿੱਟੇ' ਹਨ ਪਰ ਸੁਆਦ ਤੋਂ ਉਨ੍ਹਾਂ ਦੇ ਗੁਣ ਨਿਰਨੇ ਹੋ ਜਾਂਦੇ ਹਨ। ਇਸੇ ਤਰ੍ਹਾਂ ਸਾਧ ਅਤੇ ਅਸਾਧ ਦੋਵੇਂ ਕਰਤੂਤ ਅਰ ਬੋਲੀ ਤੋਂ ਪਰਖੇ ਜਾਂਦੇ ਹਨ। ਉਹਨਾਂ ਦਾ ਲੰਮਾ ਚੋਗਾ, ਗੋਲ ਪੱਗ, ਪੈਰੀਂ ਖੜਾਵਾਂ ਇਸ ਗਲ ਦਾ ਸਬੂਤ ਨਹੀਂ ਕਿ ਇਹ ਸਾਧ ਹੈ। ਇਹ ਤਾਂ ਸਾਧ ਦੀ ਕਰਤੂਤ ਹੀ ਦਸਦੀ ਹੈ ਕਿ ਉਹ ਕੀ ਹੈ।

ਨਕਲੀ ਗੁਰੂਆਂ ਦੀ ਭਰਮਾਰ ਤੇ ਵਿਖਾਵਾ ਇਤਨਾ ਲਿਸ਼ਕ ਪੁਸ਼ਕ ਵਾਲਾ ਹੈ ਅਤੇ ਜਨਤਾ ਇਤਨੀ ਭੋਲੀ ਹੈ ਕਿ ਨਿਤ ਇਹਨਾਂ ਦੇ ਚੁੰਗਲ ਵਿਚ ਫਸਦੀ ਚਲੀ ਜਾ ਰਹੀ ਹੈ। ਜਦ ਇਕ ਨਕਲੀ ਗੁਰੂ ਦੀ ਦੁਕਾਨ ਚਲ ਪੈਂਦੀ ਹੈ ਤਾਂ 'ਮਕਰ' ਨਾਲ ਦੁਨੀਆਂ ਲੁਟ ਕੇ, 'ਸ਼ਕਰ' ਨਾਲ ਰੋਟੀ ਖਾਣ ਲਈ ਹੋਰ ਚਤੁਰ, ਦੰਭੀ, ਸੁਆਰਥੀ ਤੇ ਅਧਰਮੀ ਲੋਕਾਂ ਦੇ ਮੂੰਹ ਵਿਚ ਪਾਣੀ ਭਰ ਆਉਂਦਾ ਹੈ। ਇਹਨਾਂ ਦੰਭੀ ਗੁਰੂਆਂ ਵਾਸਤੇ ਸੱਚਾ ਗੁਰੂ ਬਣਨ ਲਈ ਕੋਈ ਪ੍ਰੀਖਿਆ ਦਾ ਪਰਚਾ ਤਾਂ ਹੈ ਹੀ ਨਹੀਂ ਜੋ ਇਹਨਾਂ ਲਈ ਪਾਸ ਕਰਨਾ ਜ਼ਰੂਰੀ ਹੋਵੇ।

ਸੋ ਇਹ ਦੁਧ ਪੀਣੇ ਮਜਨੂੰ ਲੋਕਾਈ ਦੀ ਪੀੜਾ ਹਰਨ ਹਿਤ, ਧਰਮ, ਸਚਾਈ ਤੇ ਨੇਕੀ ਦੀ ਖਾਤਰ ਤੱਤੀਆਂ ਤਵੀਆਂ ਉਤੇ ਬੈਠਣ, ਸੀਸ ਬਲੀਦਾਨ ਕਰਨ, ਸਰਬੰਸ ਵਾਰਨ, ਤੇ ਖੰਡਾ ਖੜਕਾਉਣ, ਆਰਿਆਂ ਨਾਲ ਚੀਰੇ ਜਾਣ ਅਤੇ ਬੰਦ ਬੰਦ ਕਟਵਾਉਣ ਆਦਿ ਦੀ ਪ੍ਰੀਖਿਆ ਵਿਚ ਪੈਣੋਂ ਤਾਂ ਰਹੇ। ਨਿਆਂ ਦੀ ਗੱਲ ਤਾਂ ਇਹ ਹੈ ਕਿ ਜੇ ਇਹਨਾਂ ਨਕਲੀ ਗੁਰੂਆਂ ਨੇ ਜਗਤ-ਗੁਰੂ ਨਾਨਕ ਦੇਵ ਜੀ ਦੇ ਸਰੂਪ ਹੋਣ, ਸਗੋਂ ਉਹਨਾਂ ਨੂੰ ਪਿੱਛੇ ਪਾ ਕੇ ਆਪਣੇ ਆਪ ਨੂੰ ਉਹਨਾਂ ਤੋਂ ਵੀ ਉਚੇਰਾ ਹੋਣ ਦਾ ਦਾਅਵਾ ਕਰਨਾ ਤੇ ਦਮ ਮਾਰਨਾ ਹੈ ਤਾਂ ਨਿਤਰਨ ਉਹਨਾਂ ਦੀ ਜੋਤਿ ਤੇ ਜੁਗਤੀ ਵਾਲੇ ਗੁਰੂ ਸਾਹਿਬਾਨ ਵਾਂਗ ਅਧਰਮ ਤੇ ਧੱਕੇ ਦੇ ਟਾਕਰੇ ਲਈ। ਇਹ ਤਾਂ ਸਗੋਂ ਖੁਦ ਅਧਰਮ ਤੇ ਧੱਕਾ ਫੈਲਾ ਰਹੇ ਹਨ। ਇਹ ਪਾਖੰਡੀ ਤੇ ਦੁਧ ਪੀਣੇ ਮਜਨੂੰ ਮਸਤ ਹਨ ਆਪਣੀ ਪ੍ਰਤਿਭਾ ਤੇ ਐਸ਼-ਪ੍ਰਸਤੀ ਵਿਚ, ਮਾਨ ਵਡਿਆਈ ਤੇ ਹਉਮੈ ਦੇ ਦੀਰਘ ਰੋਗ ਦੀ ਨੀਂਦ ਵਿਚ। **ਸਿੱਖ ਸਤਿਗੁਰੂਆਂ ਦਾ ਜੀਵਨ ਤਾਂ ਤੜਪ, ਕੁਰਬਾਨੀ ਤੇ ਬੇਕਰਾਰੀ ਦਾ ਜੀਵਨ ਸੀ, ਜਦ ਕਿ ਇਹਨਾਂ ਦੰਭੀਆਂ ਦਾ ਨਿਸ਼ਾਨਾ ਤਾਂ ਆਪਣੇ ਚੇਲਿਆਂ ਦੇ ਰਾਹੀਂ ਆਪਣੇ ਸ਼ਰਧਾਲੂਆਂ ਤੋਂ ਬਟੋਰੀ, ਮਾਇਆ ਨਾਲ ਮੌਜਾਂ ਮਾਨਣੀਆਂ ਤੇ ਐਸ਼ ਬਹਾਰਾਂ ਕਰਨਾ ਹੈ।** ਦਸਮ ਪਾਤਸ਼ਹ ਨੇ ਐਸੇ ਦੰਭੀਆਂ ਦਾ ਨਕਸ਼ਾ ਆਪਣੇ ਇਸ ਸਵੱਈਏ ਵਿਚ ਖਿਚਿਆ ਹੈ :

**ਜੋ ਕਰਿ ਸੇਵ ਮਸੰਦਨ ਕੀ,**
**ਕਹੈ ਆਨ ਪ੍ਰਸਾਦਿ ਸਭੈ ਮੋਹਿ ਦੀਜੈ॥**
**ਜੋ ਕਿਛੁ ਮਾਲ ਤਵਾਲਯ ਮੋਂ,**
**ਸੋ ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ॥**
**ਮੇਰੋ ਹੀ ਧਿਆਨ ਧਰੋ ਨਿਸ ਬਾਸਰ,**

ਭੂਲ ਕੈ ਔਰ ਕੋ ਨਾਮ ਨ ਲੀਜੈ॥
ਦੀਨੇ ਕੋ ਨਾਮੁ ਸੁਨੇ ਭਜਿ ਰਾਤਹਿੰ,
ਲੀਨੇ ਬਿਨਾ ਨਹਿ ਨੈਕ ਪ੍ਰਸੀਜੈ॥੨੯॥ *(੩੩ ਸਵੱਈਏ)*

ਸੰਸਾਰ ਵਿਚ ਡਿੰਭੀ ਗੁਰੂ ਬਣਨੇ ਦੀ ਬੀਮਾਰੀ ਆਦੀ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਸੰਸਾਰ ਦੀ ਧਾਰਮਕ ਹਾਲਤ ਤੇ ਨਜ਼ਰ ਮਾਰਨ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਵਧੇਰੇ ਕਰਕੇ ਡਿੰਭੀ ਸਾਧੂ ਸੰਤ ਹੀ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਸਨ। ਐਸੇ ਡਿੰਭੀਆਂ ਦੇ ਮਗਰ ਲਗ ਕੇ ਲੋਕਾਈ ਕੀ ਕਰਦੀ ਸੀ, ਇਸ ਦਾ ਪਤਾ ਹੇਠ ਲਿਖੇ ਗੁਰਵਾਕਾਂ ਤੋਂ ਲਗਦਾ ਹੈ :

ਪੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥
ਪੰਚ ਚੰਡਾਲ ਨਾਲੇ ਲੈ ਆਇਆ॥੪॥
ਕਾਨ ਫਰਾਇ ਹਿਰਾਏ ਟੂਕਾ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥
ਵੇਸਿ ਨ ਪਾਈਐ ਮਹਾ ਦੁਖਿਆਰੀ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ॥
ਅੰਤਰਿ ਕਲਪ ਭਵਾਈਐ ਜੋਨੀ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥
ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇਂ॥
ਪੂਛਹੁ ਸਗਲ ਬੇਦ ਸਿੰਮ੍ਰਿਤੇ॥
ਮਨਮੁਖ ਕਰਮ ਕਰੈ ਅਜਾਈ॥
ਜਿਉ ਬਾਲੂ ਘਰ ਠਉਰ ਨ ਠਾਈ॥੭॥
ਜਿਸ ਨੋ ਭਏ ਗੋਬਿੰਦ ਦਇਆਲਾ॥
ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ 'ਕੋਈ ਸੰਤੁ' ਦਿਖਾਇਆ॥
ਨਾਨਕੁ ਤਿਨ ਕੈ ਸੰਗਿ ਤਰਾਇਆ॥੮॥

*(ਪ੍ਰਭਾਤੀ, ਮਹਲਾ ੫, ਪੰਨਾ ੧੩੪੮)*

ਡਿੰਭੀ ਗੁਰੂਆਂ ਦੇ ਬਥੇਰੇ ਟੋਲੇ ਸਨ। ਉਹ ਅੰਧੇ ਗੁਰੂ ਹੋਣ ਕਰਕੇ ਲੋਕਾਂ ਨੂੰ ਤਾਰਨ ਦੀ ਬਜਾਏ ਡੋਬ ਰਹੇ ਸਨ। ਭਾਈ ਗੁਰਦਾਸ ਜੀ ਨੇ ਉਸ ਹਾਲਤ ਦਾ ਨਕਸ਼ਾ ਇਸ ਤਰ੍ਹਾਂ ਖਿਚਿਆ ਹੈ :

ਜਤੀ ਸਤੀ ਚਿਰੁਜੀਵਣੇ, ਸਾਧਿਕ ਸਿਧ ਨਾਥ ਗੁਰੁ ਚੇਲੇ।
ਦੇਵੀ ਦੇਵ ਰਿਖੀਸੁਰਾ, ਭੈਰਉ ਖੇਤਰਪਾਲਿ ਬਹੁ ਮੇਲੇ।
ਗਣ ਗੰਧਰਬ ਅਪਸਰਾਂ, ਕਿੰਨਰ ਜਖ ਚਲਿਤਿ ਬਹੁ ਖੇਲੇ।
ਰਾਕਸਿ ਦਾਨੋ ਦੈਤ ਲਖ, ਅੰਦਰਿ ਦੂਜਾ ਭਾਉ ਦੁਹੇਲੇ।
ਹਉਮੈ ਅੰਦਰਿ ਸਭਿ ਕੋ, ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ, ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿਠੇ ਹਿੰਦੂ ਤੁਰਕਿ ਸਭਿ, ਪੀਰ ਪੈਕੰਬਰਿ ਕਉਮਿ ਕਤੇਲੇ।
ਅੰਧੀ ਅੰਧੇ ਖੂਹੇ ਠੇਲੇ।੨੬।                    (ਵਾਰ ੧)

ਪਰ ਜਦੋਂ ਸਤਿਗੁਰੂ ਨਾਨਕ ਦੇਵ ਜੀ 'ਰਬੀ ਗਿਆਨ' ਦੀ ਇਲਾਹੀ ਦਾਤ 'ਰੂਹਾਨੀ ਜੋਤਿ' ਲੈ ਕੇ ਇਸ ਸੰਸਾਰ ਵਿਚ ਪ੍ਰਗਟੇ ਤਾਂ ਡਿੰਭੀ ਗੁਰੂ ਇਸ ਤਰ੍ਹਾਂ ਛਿਪ ਗਏ (ਮਾਤ ਪੈ ਗਏ) ਜਿਵੇਂ ਕਿ ਸੂਰਜ ਚੜ੍ਹਨ ਨਾਲ ਹਨੇਰਾ ਖਤਮ ਹੋ ਜਾਂਦਾ ਹੈ ਅਤੇ ਤਾਰੇ ਛਿਪ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਸੱਚ ਧਰਮ ਦ੍ਰਿੜ ਕਰਾਇਆ। ਆਪ ਜਦੋਂ ਜੋਤੀ ਜੋਤ ਸਮਾਏ ਤਾਂ ਆਪ ਨੇ ਇਕ ਸਿੱਖ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਰੱਬੀ ਦਾਤ ਸੌਂਪ ਦਿੱਤੀ। ਪਰ ਕੁਝ ਲੋਕਾਂ ਨੇ ਜੋ ਗੁਰਿਆਈ ਦੀ ਮਹਾਨਤਾ ਨੂੰ ਸਮਝਣੋਂ ਅਸਮਰਥ ਸਨ, ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਚੰਦ ਜੀ ਨੂੰ, ਗੁਰੂ ਅੰਗਦ ਸਾਹਿਬ ਦੇ ਟਾਕਰੇ ਤੇ ਗੁਰੂ ਬਣਾਉਣ ਦਾ ਅਸਫਲ ਯਤਨ ਕੀਤਾ। ਬਾਬਾ ਸ੍ਰੀ ਚੰਦ ਜੀ ਕੇਸਾਂ ਵਿਚ ਸੁਆਹ ਰਮਾ ਕੇ 'ਉਦਾਸੀ' ਸੰਪਰਦਾਇ ਦੇ ਬਾਨੀ ਬਣ ਗਏ। ਇਸੇ ਤਰ੍ਹਾਂ ਜਦੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ 'ਸਿੱਖ' (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਸੌਂਪੀ ਤਾਂ ਆਪ ਦੇ ਸਪੁੱਤਰਾਂ ਬਾਬਾ ਦਾਤੂ ਜੀ ਤੇ ਦਾਸੂ ਜੀ ਨੂੰ ਗੁਰੂ ਘਰ ਵਿਰੁੱਧ ਚੁਕਿਆ ਗਿਆ ਤੇ ਦਾਤੂ ਜੀ ਨੂੰ ਗੁਰੂ ਬਣਾਉਣ ਦਾ ਯਤਨ ਕੀਤਾ ਜੋ ਸਫਲ ਨਾ ਹੋ ਸਕਿਆ। ਜਦੋਂ ਗੁਰਿਆਈ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਦੇ ਕੇ 'ਗੁਰੂ ਰਾਮਦਾਸ ਸਾਹਿਬ' ਬਣਾ ਦਿਤਾ ਤਾਂ ਬਾਬਾ ਮੋਹਨ ਜੀ ਅੜ ਬੈਠੇ। ਬਾਬਾ ਮੋਹਰੀ ਜੀ ਨੇ ਤਾਂ ਮੱਥਾ ਟੇਕ ਦਿਤਾ ਪਰ ਮੋਹਨ ਜੀ ਅੜੇ ਰਹੇ। ਜਦੋਂ ਗੁਰਿਆਈ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਦਿਤੀ ਤਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕੀਤੀ। ਆਪਣੇ ਆਪ ਨੂੰ ਗੁਰੂ ਜ਼ਾਹਰ ਕਰਕੇ ਕਈ ਢੰਗਾਂ ਨਾਲ ਗੁਰੂ ਬਣਨ ਦਾ ਪ੍ਰਿਥੀ ਚੰਦ ਨੇ ਯਤਨ ਕੀਤਾ ਪਰ ਸਫਲਤਾ ਨਾ ਮਿਲੀ। ਪ੍ਰਿਥੀ ਚੰਦ ਨੇ ਪੰਚਮ ਗੁਰੂ ਜੀ ਵਿਰੁਧ ਮੁਗਲ ਸ਼ਾਹੀ ਨਾਲ ਮਿਲ ਕੇ ਸਾਜ਼ਸ਼ਾਂ ਕੀਤੀਆਂ। ਇਹੀ ਕਾਰਨ ਸੀ ਕਿ 'ਮੀਣੇ' ਸਿੱਖੀ ਤੋਂ ਖਾਰਜ ਕਰ ਕੇ ਤਨਖਾਹੀਏ ਕਰਾਰ ਦਿਤੇ ਗਏ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦੇ ਸਮੇਂ 'ਡਿੰਭੀ ਗੁਰੂ' ਬਣਨ ਦਾ ਯਤਨ ਕਰਨ ਵਾਲਿਆਂ ਦਾ ਚੰਗੀ ਤਰ੍ਹਾਂ ਪਾਜ ਉਘੇੜਿਆ ਹੈ :

ਬਾਲ ਜਤੀ ਹੈ ਸਿਰੀਚੰਦੁ, ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।

**ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।**
**ਮੀਣਾ ਹੋਆ ਪ੍ਰਿਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ।**
**ਮਹਾਦੇਉ ਅਹੰਮੇਉ ਕਰਿ, ਕਰਿ ਬੇਮੁਖੁ ਕੁਤਾ ਭਉਕਾਇਆ।**
**ਚੰਦਨ ਵਾਸੁ ਨ ਵਾਸ ਬੋਹਾਇਆ।੩੩।** *(ਵਾਰ ੨੬)*

ਜਦੋਂ ਪੰਚਮ ਪਾਤਸ਼ਾਹ ਨੇ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਦਿਤੀ ਤਾਂ ਪ੍ਰਿਥੀ ਚੰਦ ਦੀ ਔਲਾਦ ਕਰਤਾਰਪੁਰੀਏ ਸੋਢੀ ਗੁਰੂ ਘਰ ਦੇ ਵਿਰੋਧੀ ਹੋ ਕੇ ਸਮੇਂ ਦੀ ਹਕੂਮਤ ਨਾਲ ਰਲ ਕੇ ਸਾਜ਼ਸ਼ਾਂ ਕਰਦੇ ਰਹੇ। ਬਾਬਾ ਧੀਰਮਲ ਜਿਸ ਨੂੰ ਛੇਵੇਂ ਗੁਰੂ ਜੀ ਨੇ ਦੂਜਾ ਪ੍ਰਿਥੀਆ ਆਖ ਕੇ ਮੀਣਾ ਕਿਹਾ ਸੀ, ਉਸਨੇ ਕੁਝ ਮਸੰਦਾਂ ਨੂੰ ਨਾਲ ਗੰਢ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਤਕ ਡਿੰਭੀ ਗੁਰੂ ਬਣਨ ਲਈ ਕਈ ਕਪਟ-ਚਾਲਾਂ ਚਲੀਆਂ, ਪਰ ਕਾਮਯਾਬੀ ਨਸੀਬ ਨਾ ਹੋਈ। ਗੁਰੂ ਹਰਿ ਰਾਇ ਸਾਹਿਬ ਨੇ ਗੁਰਿਆਈ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪ ਦਿਤੀ ਸੀ। ਇਸੇ ਕਰਕੇ ਬਾਬਾ ਰਾਮਰਾਇ ਬਾਦਸ਼ਾਹ ਔਰੰਗਜ਼ੇਬ ਦਾ ਹੱਥ-ਠੋਕਾ ਬਣ ਕੇ, ਗੁਰੂ ਘਰ ਦਾ ਦੋਖੀ ਬਣ ਕੇ ਮਸੰਦ ਪਾਰਟੀ ਨੂੰ ਨਾਲ ਲੈ ਡਿੰਭੀ ਗੁਰੂ ਬਣਿਆ ਤੇ ਅੰਤ ਮਸੰਦਾਂ ਹਥੋਂ ਹੀ ਜ਼ਿੰਦਾ ਸਾੜ ਦਿਤਾ ਗਿਆ।

ਅਜ ਕਲ੍ਹ ਵੀ ਬੇਦੀ, ਤ੍ਰੇਹਣ, ਭੱਲੇ, ਸੋਢੀ ਆਦਿ ਆਪਣੇ ਆਪ ਨੂੰ ਗੁਰੂ ਅੰਸ਼-ਵੰਸ਼ ਦੱਸ ਕੇ ਗੁਰੂ ਸਿੱਧ ਕਰਨ ਦਾ ਨਿਰਾਰਥਕ ਯਤਨ ਕਰ ਰਹੇ ਹਨ। ਐਸੇ ਲੋਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਐਸੀਆਂ ਸਾਜ਼ਸ਼ਾਂ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਹੁੰਦੀਆਂ ਆਈਆਂ ਹਨ, ਪਰ ਇਨ੍ਹਾਂ ਸਾਜ਼ਸ਼ਾਂ ਦੇ ਰਚਣ ਵਾਲਿਆਂ ਨੂੰ ਸਦਾ ਮੂੰਹ ਦੀ ਖਾਣੀ ਪੈਂਦੀ ਰਹੀ।

ਡਿੰਭੀ ਗੁਰੂਆਂ ਨੂੰ ਇਹ ਸਦਾ ਯਾਦ ਰਖਣਾ ਚਾਹੀਦਾ ਹੈ ਕਿ ਗੁਰੂ ਘਰ ਤੋਂ ਬੇ-ਮੁਖ ਹੋਇਆਂ ਨੂੰ ਦੁੱਖਾਂ ਤੇ ਚਿੰਤਾਵਾਂ ਦੀ ਮਾਰ ਸਹਿਣੀ ਪਵੇਗੀ:

**ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥**

*(ਸਿਰੀਰਾਗੁ, ਮਹਲਾ ੩, ਪੰਨਾ ੩੦)*

# ਦੇਹਧਾਰੀ-ਗੁਰੂਡੰਮ੍ਹ ਦੇ ਸ਼ੰਕਿਆਂ ਦੇ ਉੱਤਰ

ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਕਹਿੰਦੇ ਹਨ ਕਿ ਸ੍ਰੀ ਗੁਰੂ ਗਰੰਥ ਸਾਹਿਬ ਤਾਂ ਪੋਥੀ ਹੈ ਤੇ ਪੋਥੀ ਤਾਂ ਬੋਲਦੀ ਨਹੀਂ। ਆਪ ਪੜ੍ਹੇ ਹੋਈਏ ਤਾਂ ਪਾਠ ਕਰ ਲਈਏ ਨਹੀਂ ਤਾਂ ਕੋਈ ਪੜ੍ਹ ਕੇ ਸੁਣਾਵੇ ਤਾਂ ਕੁਝ ਸਮਝ ਆ ਸਕਦੀ ਹੈ, ਪਰ ਦੇਹਧਾਰੀ ਗੁਰੂ ਤਾਂ ਆਪ ਉਪਦੇਸ਼ ਕਰਦਾ ਹੈ। ਇਸ ਲਈ ਪੋਥੀ ਕਿਸ ਤਰ੍ਹਾਂ ਗੁਰੂ ਹੈ ?

ਆਓ, ਅਸੀਂ ਪਹਿਲਾਂ ਇਹ ਵੇਖੀਏ ਕਿ ਅਸੀਂ ਆਪਣੇ ਆਲੇ ਦੁਆਲੇ ਦੀ ਵਾਸਤਵਿਕ ਦੁਨੀਆ ਦਾ ਗਿਆਨ ਕਿਸ ਤਰ੍ਹਾਂ ਪ੍ਰਾਪਤ ਕਰਦੇ ਹਾਂ ? ਇਸ ਨੂੰ ਜਾਣਨ ਲਈ ਅਸੀਂ ਕੁਦਰਤ

ਵਲੋਂ ਦਿੱਤੀਆਂ ਪੰਜ ਇੰਦਰੀਆਂ ਦੀ ਸਹਾਇਤਾ ਲੈਂਦੇ ਹਾਂ। ਚੀਜ਼ਾਂ ਵੇਖ ਕੇ, ਸੁੰਘ ਕੇ, ਚੱਖ ਕੇ, ਸੁਣ ਕੇ ਤੇ ਛੂਹ ਕੇ ਉਨ੍ਹਾਂ ਦੀ ਪੂਰੀ ਤਸਵੀਰ ਸਾਡੇ ਦਿਮਾਗ ਵਿਚ ਉਤਰ ਆਉਂਦੀ ਹੈ। ਇਨ੍ਹਾਂ ਇੰਦਰੀਆਂ ਵਿਚੋਂ ਕਿਸੇ ਇਕ ਜਾਂ ਸਾਰੀਆਂ ਇੰਦਰੀਆਂ ਦੁਆਰਾ ਹੀ ਹਰ ਵਸਤੂ ਦੀ ਹੋਂਦ ਦੀ ਪਛਾਣ ਕੀਤੀ ਜਾਂਦੀ ਹੈ।

ਸ਼ਬਦ ਦਾ ਅਸਲ ਭਾਵ ਆਵਾਜ਼ ਜਾਂ ਸਵੱਰ ਹੈ। ਆਵਾਜ਼ ਦੋ ਚੀਜ਼ਾਂ ਦੇ ਟਕਰਾਓ ਤੋਂ ਪੈਦਾ ਹੁੰਦੀ ਹੈ। ਆਵਾਜ਼ ਜਾਂ ਸ਼ਬਦ ਤੋਂ ਹੀ ਸਾਨੂੰ ਸਮਝ ਪੈਂਦੀ ਹੈ ਜਾਂ ਗਿਆਨ ਪ੍ਰਾਪਤ ਹੁੰਦਾ ਹੈ। ਜਿਵੇਂ ਕੋਈ ਬੰਦਾ ਇਕ ਬੰਦ ਕਮਰੇ ਵਿਚ ਬੈਠਾ ਹੋਵੇ, ਬਾਹਰ ਜ਼ੋਰ ਦਾ ਮੀਂਹ ਪੈ ਰਿਹਾ ਹੋਵੇ, ਮੀਂਹ ਦੀ ਆਵਾਜ਼ ਸੁਣ ਉਹ ਝੱਟ ਕਹਿ ਉਠਦਾ ਹੈ ਕਿ ਬਾਹਰ ਮੀਂਹ ਪੈ ਰਿਹਾ ਹੈ। ਮੀਂਹ ਪੈਂਦਾ ਉਸ ਵੇਖਿਆ ਨਹੀਂ ਹੁੰਦਾ। ਕੇਵਲ ਮੀਂਹ ਪੈਣ ਦੀ ਆਵਾਜ਼ (ਸ਼ਬਦ) ਉਹ ਸਮਝ ਜਾਂਦਾ ਹੈ ਤੇ ਹੁੰਦਾ ਵੀ ਠੀਕ ਹੈ।

ਤੁਸੀਂ ਪਹਾੜ ਤੇ ਜਾ ਰਹੇ ਹੋ। ਦੂਰ ਹੇਠਾਂ ਕਿਸੇ ਵਾਦੀ ਵਿਚ ਪਾਣੀ ਵਗ ਰਿਹਾ ਹੈ। ਪਾਣੀ ਦੀ ਜ਼ੋਰਦਾਰ ਆਵਾਜ਼ ਸੁਣ ਤੁਸੀਂ ਕਹਿ ਦਿੰਦੇ ਹੋ ਕਿ ਦੂਰ ਹੇਠਾਂ ਕੋਈ ਦਰਿਆ ਵਗ ਰਿਹਾ ਹੈ। ਦਰਿਆ ਵਗਦਾ ਤੁਸਾਂ ਵੇਖਿਆ ਨਹੀਂ ਕੇਵਲ ਚਲਦੇ ਪਾਣੀ ਦੀ ਆਵਾਜ਼ ਤੋਂ ਹੀ ਤੁਹਾਨੂੰ ਗਿਆਨ ਹੁੰਦਾ ਹੈ ਕਿ ਦਰਿਆ ਜਾਂ ਨਦੀ ਹੇਠਾਂ ਚਲ ਰਹੀ ਹੈ।

ਆਵਾਜ਼ ਦੇ ਲਿਖਤ ਰੂਪ ਨੂੰ ਹੀ ਸ਼ਬਦ ਕਿਹਾ ਜਾਂਦਾ ਹੈ। ਜਿਵੇਂ ਮੀਂਹ ਪੈਣ ਦੀ ਆਵਾਜ਼ ਸੁਣ ਕੇ ਮੀਂਹ ਪੈਣ ਅਤੇ ਪਾਣੀ ਦੇ ਵਗਣ ਦੀ ਆਵਾਜ਼ ਤੇ ਦਰਿਆ ਦਾ ਪਤਾ ਲੱਗਦਾ ਹੈ, ਤਿਵੇਂ ਹੀ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਵਸਤਾਂ ਦਾ ਗਿਆਨ ਵੀ ਸਾਨੂੰ ਆਵਾਜ਼ (ਸ਼ਬਦ) ਤੋਂ ਹੁੰਦਾ ਹੈ।

ਮਨੁੱਖ ਜੋ ਕੰਮ ਕਰਦਾ ਹੈ ਉਹ ਬਹੁਤਾ ਵੇਖ ਕੇ ਜਾਂ ਸੁਣ ਕੇ ਹੀ ਕਰਦਾ ਹੈ। ਨਿਰੀ ਆਵਾਜ਼ ਤਾਂ ਭਾਵੇਂ ਅਸੀਂ ਕੇਵਲ ਕੰਨਾਂ ਨਾਲ ਹੀ ਸੁਣ ਸਕਦੇ ਹਾਂ ਪਰ 'ਸ਼ਬਦ' ਨੂੰ ਅੱਖਾਂ ਨਾਲ ਵੀ ਵੇਖਿਆ ਜਾ ਸਕਦਾ ਹੈ ਤੇ ਕੰਨਾਂ ਨਾਲ ਸੁਣਿਆ ਵੀ ਜਾ ਸਕਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ 'ਸ਼ਬਦ' ਹੀ ਇਕ ਐਸੀ ਵਸਤੂ ਹੈ ਜਿਸ ਦੇ ਸੁਣਨ, ਪੜ੍ਹਨ ਤੇ ਵੇਖਣ ਨਾਲ ਸਾਨੂੰ ਕਿਸੇ ਵਸਤੂ ਦੀ ਸਮਝ ਜਾਂ ਗਿਆਨ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ ? ਸ਼ਬਦਾਂ ਦਾ ਸੰਗ੍ਰਹਿ। ਜਿਸ ਤਰ੍ਹਾਂ ਸੰਸਾਰਕ ਵਸਤਾਂ ਦਾ ਗਿਆਨ ਸ਼ਬਦ ਤੋਂ ਹੁੰਦਾ ਹੈ, ਉਸੇ ਤਰ੍ਹਾਂ ਪ੍ਰਭੂ ਬਾਰੇ ਗਿਆਨ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਇਸ ਨੂੰ ਅਸੀਂ ਗੁਰੂ ਕਹਿੰਦੇ ਹਾਂ – ਗੁਰੂ ਮੰਨਦੇ ਹਾਂ। ਕਿਸੇ ਦਾ ਸਰੀਰ ਤਾਂ ਗੁਰੂ ਨਹੀਂ ਹੁੰਦਾ। ਉਸ ਵਿਚ ਵਸਦੀ ਜੋਤਿ ਤੇ ਉਸ ਜੋਤਿ ਦਾ ਸ਼ਬਦਾਂ ਦੁਆਰਾ ਪ੍ਰਗਟਾਵਾ ਹੀ ਗੁਰੂ ਕਿਹਾ ਜਾ ਸਕਦਾ ਹੈ।

ਕੌਣ ਕਹਿੰਦਾ ਹੈ ਕਿ ਗੁਰੂ ਗਰੰਥ ਸਾਹਿਬ ਬੋਲਦੇ ਨਹੀਂ ? ਗੁਰੂ ਗਰੰਥ ਦੀ ਆਵਾਜ਼ ਅੱਖਾਂ ਦੇ ਰਾਹੀਂ ਅੰਦਰ ਪੁਜਦੀ ਹੈ, ਜਿਸ ਤਰ੍ਹਾਂ ਜੀਉਂਦੇ ਮਨੁੱਖ ਦੀ ਕੰਨਾਂ ਰਾਹੀਂ ਪੁਜਦੀ ਹੈ। ਜੇਹੋ ਜੇਹੀ ਅੱਖ ਗਿਆਨ ਇੰਦਰੀ ਹੈ ਉਸੇ ਤਰ੍ਹਾਂ ਹੀ ਕੰਨ ਹਨ, ਫਰਕ ਕੀ ਹੋਇਆ। ਇਹ ਕੋਈ ਜ਼ਰੂਰੀ ਨਹੀਂ ਕਿ ਗਿਆਨ ਕੇਵਲ ਮੂੰਹ ਤੋਂ ਬੋਲਣ ਰਾਹੀਂ ਹੀ ਹੋ ਸਕਦਾ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਕੋਈ ਵਿਅਕਤੀ ਜਾਂ ਵਸਤੂ ਬੋਲ ਕੇ ਹੀ ਗਿਆਨ ਦੇਵੇ। ਮਿਸਾਲ ਦੇ ਤੌਰ ਤੇ ਇਕ ਆਦਮੀ ਨੇ ਸ਼ਿਮਲੇ ਜਾਣਾ ਹੈ। ਉਹ ਕਿਸੇ ਚੁ-ਰਸਤੇ ਵਿਚ ਪਹੁੰਚਦਾ ਹੈ। ਚੌਰਾਹੇ

ਵਿਚ ਇਕ ਸੀਮਿੰਟ ਦਾ ਥੰਮ੍ਹ ਖੜ੍ਹਾ ਹੈ। ਉਸ ਥੰਮ੍ਹ ਪੁਰ ਚਾਰ ਹੱਥ ਲੋਹੇ ਦੇ ਬਣੇ ਹੋਏ ਹਨ। ਇਹ ਚੌਹਾਂ ਪਾਸਿਆਂ ਦੀਆਂ ਸੜਕਾਂ ਦੀਆਂ ਦਿਸ਼ਾਂ ਵੱਲ ਫਿਟ ਕੀੜੇ ਹੋਏ ਹਨ। ਉਨ੍ਹਾਂ ਲੋਹੇ ਦੇ ਹੱਥਾਂ ਵਿਚੋਂ ਇਕ ਉਪਰ ਚੰਡੀਗੜ੍ਹ, ਦੂਜੇ ਪੁਰ ਅੰਬਾਲਾ ਤੀਜੇ ਪੁਰ ਪਟਿਆਲਾ ਅਤੇ ਚੌਥੇ ਪੁਰ ਸ਼ਿਮਲਾ ਲਿਖਿਆ ਹੋਇਆ ਹੈ। ਇਨ੍ਹਾਂ ਰਸਤਿਆਂ ਤੋਂ ਅਣਜਾਣ ਆਦਮੀ ਸ਼ਿਮਲੇ ਵਲ ਇਸ਼ਾਰਾ ਕਰਨ ਵਾਲੇ ਹੱਥ ਉਪਰੋਂ ਪੜ੍ਹ ਕੇ ਇਹ ਜਾਣ ਲੈਂਦਾ ਹੈ ਕਿ ਸ਼ਿਮਲਾ ਇਸ ਪਾਸੇ ਹੈ। ਹੁਣ ਦੱਸੋ, ਕੀ ਉਸ ਥੰਮ ਉਤੇ ਲੱਗੇ ਹੱਥ ਨੇ ਬੋਲ ਕੇ ਰਸਤਾ ਦਸਿਆ ਹੈ ਕਿ ਸ਼ਿਮਲਾ ਇਸ ਪਾਸੇ ਹੈ ?

ਦਰਅਸਲ ਜਿਵੇਂ ਕੰਨ ਆਵਾਜ਼ ਨੂੰ ਸੁਣ ਕੇ ਸਾਡੇ ਦਿਮਾਗ ਨੂੰ ਜਾਣਕਾਰੀ ਦਿੰਦੇ ਹਨ ਉਵੇਂ ਹੀ ਅੱਖਾਂ ਵੇਖ ਕੇ ਵਾਕਫੀ ਦਿੰਦੀਆਂ ਹਨ। ਅਗੋਂ ਉਹ ਕੰਮ ਕਰਨ ਜਾਂ ਨਾ ਕਰਨ ਬਾਰੇ ਬੁਧੀ ਸੋਚਦੀ ਹੈ ਅਤੇ ਸਰੀਰ ਨੂੰ ਕੰਮ ਕਰਨ ਲਈ ਪ੍ਰੇਰਨਾ ਦਿੰਦੀ ਹੈ। ਸੋ ਜਿਸ ਤਰ੍ਹਾਂ ਮੁਸਾਫਰ ਸ਼ਿਮਲੇ ਦਾ ਬੋਰਡ ਵੇਖ ਉਧਰ ਤੁਰ ਕੇ ਸ਼ਿਮਲੇ ਪੁਜ ਜਾਂਦਾ ਹੈ, ਤਿਵੇਂ ਹੀ ਗੁਰਬਾਣੀ ਪੜ੍ਹ ਕੇ ਜੋ ਮਨੁੱਖ ਆਪਣਾ ਜੀਵਨ '**ਗੁਰ ਫੁਰਮਾਏ ਗੁਰਸਿਖ ਕਰਣਾ**' ਦੇ ਅਨੁਸਾਰ ਬਣਾ ਲੈਂਦਾ ਹੈ ਤਾਂ ਉਹ ਨਿਸ਼ਚਿਤ ਹੀ ਪ੍ਰਮਾਤਮਾ ਦਾ ਮਿਲਾਪ ਕਰ ਕੇ ਟਿਕਾਣੇ ਪੁਜ ਜਾਂਦਾ ਹੈ।

**ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਕ ਹੁੱਜਤ ਹੋਰ ਕਰਦੇ ਹਨ ਕਿ ਜੇ ਕੋਈ ਅਨਪੜ੍ਹ ਹੋਵੇ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਗਿਆਨ ਨੂੰ ਕਿਵੇਂ ਸਮਝੇ? ਉਸ ਨੂੰ ਬਾਣੀ ਸੁਣਾਨ ਅਥਵਾ ਸਮਝਾਣ ਲਈ ਦੇਹਧਾਰੀ ਗੁਰੂ ਦੀ ਅਵੱਸ਼ ਲੋੜ ਹੈ?**

ਇਸਦਾ ਉਤਰ ਇਹ ਹੈ ਕਿ ਗੁਰਬਾਣੀ ਨੂੰ ਪੜ੍ਹ ਕੇ ਜਾਂ ਵਿਆਖਿਆ ਕਰਕੇ ਸੁਣਾਉਣ ਵਾਲਾ ਸਾਡਾ ਗੁਰੂ ਨਹੀਂ ਹੋ ਸਕਦਾ। ਉਹ ਗੁਰਮੁਖ, ਸਿੱਖ, ਜਾਂ ਗਿਆਨੀ ਹੋ ਸਕਦਾ ਹੈ। ਮਿਸਾਲ ਦੇ ਤੌਰ ਤੇ ਇਕ ਅਨਪੜ੍ਹ ਤੀਵੀਂ ਹੈ। ਉਸ ਦਾ ਪਤੀ ਪ੍ਰਦੇਸ ਗਿਆ ਹੈ। ਉਹ ਆਪਣੀ ਪਤਨੀ ਨੂੰ ਚਿੱਠੀ ਘਲਦਾ ਹੈ। ਉਸ ਦੀ ਪਤਨੀ ਚਿੱਠੀ ਮਿਲਣ ਪੁਰ ਖੁਸ਼ ਹੁੰਦੀ ਹੈ, ਪਰ ਆਪ ਪੜ੍ਹ ਨਹੀਂ ਸਕਦੀ। ਉਸ ਚਿੱਠੀ ਨੂੰ ਪੜ੍ਹਾਉਣ ਲਈ ਉਹ ਕਿਸੇ ਪੜ੍ਹੇ ਲਿਖੇ ਸੱਜਣ ਪਾਸ ਲੈ ਜਾਂਦੀ ਹੈ। ਉਹ ਆਦਮੀ ਚਿੱਠੀ ਪੜ੍ਹ ਸਾਰਾ ਹਾਲ ਉਸ ਨੂੰ ਸਮਝਾ ਦੇਂਦਾ ਹੈ ਤੇ ਆਰੰਭ ਦੇ ਸ਼ਬਦ 'ਮੇਰੀ ਪਿਆਰੀ ਪਤਨੀ' ਵੀ ਪੜ੍ਹ ਕੇ ਸੁਣਾਉਂਦਾ ਹੈ। ਇਹਨਾਂ ਸ਼ਬਦਾਂ ਨੂੰ ਤੇ ਚਿੱਠੀ ਨੂੰ ਪੜ੍ਹ ਕੇ ਸੁਣਾਉਣ ਵਾਲਾ ਜੇ ਇਹ ਖਿਆਲ ਕਰ ਬੈਠੇ ਕਿ ਉਹ ਹੀ ਉਸ ਦਾ ਪਤੀ ਹੈ ਤਾਂ ਇਹ ਉਸ ਦੀ ਭਾਰੀ ਮੂਰਖਤਾ ਹੋਵੇਗੀ।

ਜਿਵੇਂ ਚਿੱਠੀ ਪੜ੍ਹ ਕੇ ਸੁਣਾਉਣ ਵਾਲਾ ਪਤੀ ਨਹੀਂ ਬਣ ਜਾਂਦਾ, ਪਤੀ ਤਾਂ ਉਹ ਹੈ ਜਿਸ ਨੇ ਚਿੱਠੀ ਲਿਖੀ ਹੈ, ਤਿਵੇਂ ਹੀ ਗੁਰਬਾਣੀ ਨੂੰ ਉਚਾਰਨ ਕਰਨ ਵਾਲਾ ਹੀ ਗੁਰੂ ਹੈ। ਇਸ ਦਾ ਪਾਠ ਤਥਾ ਵਿਆਖਿਆ ਕਰਨ ਵਾਲਾ 'ਗੁਰੂ' ਨਹੀਂ ਬਣ ਸਕਦਾ।

**ਕਈ ਗੁਰੂ ਡੰਮ੍ਹ ਦੇ ਹਾਮੀ ਇਹ ਸੁਆਲ ਕਰਦੇ ਹਨ ਕਿ ਬਾਣੀ ਦਾ ਅਰਥ ਕੌਣ ਦਸੇ ? ਇਸ ਲਈ ਦੇਹਧਾਰੀ ਗੁਰੂ ਦੀ ਲੋੜ ਹੈ।**

ਇਸ ਦਾ ਉੱਤਰ ਇਉਂ ਹੈ, ਜਿਨ੍ਹਾਂ ਦੇ ਰਾਹੀਂ ਬਾਣੀ ਪਰਗਟ ਹੋਈ ਹੈ, ਉਹ ਗੁਰੂ ਹਨ। ਜਿਹੜੇ ਅਰਥ ਦਸਦੇ ਹਨ ਉਹ ਪ੍ਰਗਟ ਕਰਨ ਵਾਲਿਆਂ ਦੀ ਤੁਲਨਾ ਹਾਸਲ ਨਹੀਂ ਕਰ ਸਕਦੇ। ਸਕੂਲਾਂ ਵਿਚ ਸੈਂਕੜੇ ਉਸਤਾਦ ਵਡੇ ਵਡੇ ਖ਼ੋਜੀਆਂ ਦੇ ਕੱਢੇ ਹੋਏ ਅਸੂਲ ਮੁੰਡਿਆਂ ਨੂੰ ਢਸਦੇ ਹਨ ਪਰ ਉਹ ਉਸ ਪਦਵੀ ਦਾ ਦਾਅਵਾ ਨਹੀਂ ਕਰਦੇ ਜੋ ਅਸਲੀ ਤੇ ਉੱਚੇ

ਖੋਜੀਆਂ ਨੂੰ ਪ੍ਰਾਪਤ ਹੈ। ਗੁਰਬਾਣੀ ਦੇ ਅਰਥ ਸਮਝਾਉਣ ਵਾਲਾ ਗੁਰਮੁਖ, ਸਿੱਖ, ਗਿਆਨੀ ਤਾਂ ਹੋ ਸਕਦਾ ਹੈ ਪਰ ਗੁਰੂ ਨਹੀਂ ਹੋ ਸਕਦਾ, ਕਿਉਂਕਿ ਬਾਣੀ ਦਾ ਸੰਬੰਧ ਜਿਹਾ ਉਸ ਨਾਲ ਹੈ, ਉਹੋ ਜਿਹਾ ਹੀ ਸਾਡੇ ਨਾਲ ਹੈ।

**ਕਈ ਘਟ ਸਮਝ ਵਾਲੇ ਇਹ ਕਹਿੰਦੇ ਹਨ ਕਿ ''ਗੁਰਬਾਣੀ ਵਿਚ ਗੁਰੂ ਤੇ ਨਾਮ ਦੀ ਮਹਿਮਾ ਦਸੀ ਹੈ; ਇਹ ਆਪ ਗੁਰੂ ਜਾਂ ਨਾਮ ਨਹੀਂ।''**

ਐਸੇ ਸਜਣ ਗੁਰਬਾਣੀ ਨੂੰ ਚੰਗੀ ਤਰ੍ਹਾਂ ਨਾ ਵਿਚਾਰਨ ਕਰਕੇ ਹੀ ਐਸੀ ਭੁਲ ਕਰਦੇ ਹਨ। ਗੁਰਬਾਣੀ ਵਿਚ ਹੀ ਨਾਮ ਹੈ, ਨਾਮ ਬਾਣੀ ਤੋਂ ਵਖ ਨਹੀਂ, ਅਤੇ ਬਾਣੀ ਨਾਮ ਤੋਂ ਵਖ ਨਹੀਂ। ਨਾਮ ਦੀ ਪ੍ਰਾਪਤੀ ਗੁਰਬਾਣੀ ਤੋਂ ਹੀ ਹੁੰਦੀ ਹੈ।

**ਗੁਰਬਾਣੀ ਵਰਤੀ ਜਗ ਅੰਤਰਿ,**
**ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥**

*(ਮਾਰੂ, ਮ: ੩, ਪੰਨਾ ੧੦੬੬)*

**ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਸ਼ੰਕਾ ਕਰਦੇ ਹਨ ਕਿ ਬਾਣੀ ਵਿਚ ਆਇਆ ਹੈ -**

**''ਗੁਰ ਕੇ ਚਰਨ ਰਿਦੈ ਲੈ ਧਾਰਉ॥''** *(ਪੰਨਾ ੮੬੪)*

**ਚਰਨ ਕਿਸੇ ਦੇਹਧਾਰੀ ਗੁਰੂ ਦੇ ਹੀ ਹੋ ਸਕਦੇ ਹਨ, ਬਾਣੀ ਦੇ ਨਹੀਂ ਇਸ ਲਈ ਦਸੋ ਕਿ ਧਿਆਨ ਕਿਸ ਦਾ ਕਰੀਏ ?**

ਇਸ ਦਾ ਉੱਤਰ ਇਹ ਹੈ – ਗੁਰੂ ਦੇ ਸ਼ਬਦ ਦਾ ਅਭਿਆਸ, ਸਿਮਰਨ ਤੇ ਧਿਆਨ ਹੀ ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਟਿਕਾਉਣਾ ਹੈ। 'ਚਰਨਾਂ' ਤੋਂ ਭਾਵ ਹੱਡ ਮਾਸ ਦੇ ਬਣੇ ਹੋਏ ਚਰਨ ਨਹੀਂ। ਜੇ ਐਸਾ ਹੀ ਭਾਵ ਹੋਵੇ ਤਾਂ ਦੇਹਧਾਰੀ ਗੁਰੂ ਦੇ ਹੱਡ ਮਾਸ ਦੇ ਚਰਨ, ਕੋਈ ਸੇਵਕ ਆਪਣੀ ਛਾਤੀ ਚੀਰ ਕੇ ਦਿਲ ਵਿਚ ਕਿਵੇਂ ਟਿਕਾਇਗਾ ? ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ 'ਚਰਨ' ਸ਼ਬਦ ਗੁਰੂ ਦੀ ਯਾਦ ਤੇ ਗੁਰੂ ਦੇ ਧਿਆਨ ਦੇ ਅਰਥਾਂ ਵਿਚ ਵਰਤਿਆ ਗਿਆ ਹੈ ਜਿਵੇਂ;

ਗੁਰ ਕੇ ਚਰਨ ਹਿਰਦੈ ਵਸਾਇ ਮੂੜੇ,
ਪਿਛਲੇ ਗੁਨਹ ਸਭ ਬਖਸਿ ਲਇਆ॥

*(ਆਸਾ, ਮਹਲਾ ੩, ਪਟੀ, ਪੰਨਾ ੪੩੫)*

ਚਰਣ ਕਮਲ ਸੰਗਿ ਪ੍ਰੀਤਿ, ਕਲਮਲ ਪਾਪ ਟਰੈ॥

*(ਆਸਾ, ਮਹਲਾ ੫, ਪੰਨਾ ੪੫੯)*

ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ॥

*(ਗਉੜੀ ਕੀ ਵਾਰ, ਮਹਲਾ ੫, ਪੰਨਾ ੩੨੨)*

ਚਰਨ ਕਮਲ ਕੀ ਆਸ ਪਿਆਰੇ॥
ਜਮ ਕੰਕਰ ਨਸਿ ਗਏ ਵਿਚਾਰੇ॥

*(ਆਸਾ, ਮ: ੫, ਪੰਨਾ ੩੮੯)*

ਜੇ ਅੱਖਾਂ ਦੁਆਰਾ ਹੀ ਦੇਹਧਾਰੀ ਦੇ ਚਰਨਾਂ ਦਾ ਧਿਆਨ ਕਰਨ ਦੀ ਗੱਲ ਹੋਵੇ ਤਾਂ ਜਿਸ ਆਦਮੀ ਦੀਆਂ ਅੱਖਾਂ ਹੀ ਨਹੀਂ ਹਨ, ਦਸੋ ਉਹ ਕਿਸ ਤਰ੍ਹਾਂ ਇਸ ਦਾ ਧਿਆਨ ਧਰੇਗਾ? ਦੂਸਰੇ ਬਾਹਰਮੁਖੀ ਚਰਨ ਜੋ ਨਾਸ਼ਵੰਤ ਹਨ ਦਾ ਧਿਆਨ ਮਨੁੱਖ ਨੂੰ ਅਬਿਨਾਸੀ ਪ੍ਰਭੂ (ਜੋ ਕਦੇ ਨਾਸ਼ ਨਹੀਂ ਹੁੰਦਾ) ਵਿਚ ਨਹੀਂ ਲਿਜਾ ਸਕਦਾ। ਗੁਰੂ ਦਾ ਸ਼ਬਦ ਹੀ ਅਬਿਨਾਸ਼ੀ ਵਾਹਿਗੁਰੂ ਦਾ ਗਿਆਨ ਹੈ। ਇਹੀ ਸਾਨੂੰ ਉਸ ਤਕ ਪਹੁੰਚਾ ਸਕਦਾ ਹੈ।

**ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਸ਼ੰਕਾ ਕਰਦੇ ਹਨ ਕਿ ਖਾਸ-ਖਾਸ ਸ਼ਖਸੀਅਤਾਂ ਵਿਚ ਚੁੰਬਕੀ ਖਿੱਚ ਹੁੰਦੀ ਹੈ ਜਿਸ ਦੁਆਰਾ ਸਿੱਖ ਓਧਰ ਪ੍ਰੇਰਿਆ ਜਾਂਦਾ ਹੈ।**

ਇਸ ਦਾ ਉੱਤਰ ਇਹ ਹੈ ਕਿ ਚੁੰਬਕੀ ਸ਼ਕਤੀ ਜੀਵਨ ਵਿਚ ਹੈ ਨਾ ਕਿ ਸ਼ਰੀਰ ਵਿਚ। ਸਰੀਰ ਤਾਂ ਹਰ ਇਕ ਮਨੁੱਖ ਦਾ ਇਕੋ ਜਿਹੇ ਤੱਤਾਂ ਦਾ ਬਣਿਆ ਹੋਇਆ ਹੈ। ਵਖੇਵਾਂ ਰਹੁਰੀਤ ਵਿਚ ਹੁੰਦਾ ਹੈ ਤੇ ਜਿਨ੍ਹਾਂ ਨੇ ਨਿਰਮਲ ਰੀਤ ਧਾਰਨ ਕਰ ਲਈ ਹੈ ਉਨ੍ਹਾਂ ਵਿਚ ਜ਼ਰੂਰ ਖਿੱਚ ਪੈਦਾ ਹੋ ਜਾਂਦੀ ਹੈ। ਪਰ ਉਹ ਖਿੱਚ ਦੇਹ ਵਿਚ ਨਹੀਂ, ਉਹ ਚਾਲ ਚਲਨ ਵਿਚ ਹੈ, ਜ਼ਿੰਦਗੀ ਦੇ ਰਵੱਈਏ ਵਿਚ ਹੈ। ਸਰੀਰ ਦੇ ਨਾਸ ਹੋ ਜਾਣ ਨਾਲ ਇਹ ਅਸਰ ਨਾਸ ਨਹੀਂ ਹੁੰਦਾ। ਇਸ ਹਿਸਾਬ ਨਾਲ ਤਾਂ ਸ਼ਹੀਦਾਂ ਦੇ ਜੀਵਨ ਕਾਰਨਾਮੇ ਰਹਿੰਦੀ ਦੁਨੀਆਂ ਤਕ ਆਪਣਾ ਅਸਰ ਪਾਈ ਜਾਣਗੇ।

ਸਤਿਗੁਰਾਂ ਦੇ ਸਮੇਂ ਅਨੇਕ ਗੁਰਸਿਖਾਂ ਨੇ ਸਿੱਖੀ ਨੂੰ ਪ੍ਰਚਾਰਿਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਬਾਬਾ ਬੁੱਢਾ ਜੀ ਨੇ ਸਿੱਖੀ ਦਾ ਪ੍ਰਚਾਰ ਕੀਤਾ। ਭਾਈ ਮਨਸੁਖ ਨੇ ਸੰਗਲਾਦੀਪ ਵਿਚ ਜਾ ਕੇ ਰਾਜਾ ਸ਼ਿਵਨਾਭ ਨੂੰ ਗੁਰੂ ਕਾ ਸਿੱਖ ਬਣਾਇਆ। ਤੀਜੀ ਪਾਤਸ਼ਾਹੀ ਦੇ ਵੇਲੇ ੨੨ ਮੰਜੀਆਂ ਦੇ ਉੱਚੇ ਸੁੱਚੇ ਗੁਰਸਿੱਖ ਪ੍ਰਚਾਰਕ ਹਿੰਦੁਸਤਾਨ ਤੋਂ ਬਾਹਰ ਨਾਲ ਲਗਦੇ ਟਾਪੂਆਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਚੌਥੇ ਪਾਤਸ਼ਾਹ ਜੀ ਨੇ ਉੱਚੇ ਸੁੱਚੇ ਜੀਵਨ ਵਾਲੇ ਗੁਰਸਿੱਖਾਂ ਨੂੰ 'ਮਸੰਦ' ਦੀ ਸੰਗਿਆ ਦੇ ਕੇ ਪ੍ਰਚਾਰ ਕਰਨ ਲਈ ਦੂਰ ਦੁਰਾਡੇ ਭੇਜਿਆ। ਪੰਜਵੇਂ ਤੇ ਛੇਵੇਂ ਗੁਰੂ ਜੀ ਵੇਲੇ ਭਾਈ ਗੁਰਦਾਸ ਜੀ ਨੇ ਆਗਰੇ ਤੇ ਕਾਂਸ਼ੀ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਭਾਈ ਕਟੂ ਤੇ ਗੜ੍ਹੀਏ ਨੇ ਕਸ਼ਮੀਰ ਵਿਚ ਸਿੱਖੀ ਫੈਲਾਈ। ਸਤਵੀਂ ਪਾਤਸ਼ਾਹੀ ਦੇ ਸਮੇ ਭਾਈ ਗੋਇੰਦੇ, ਤਿਲੋਕੇ, ਅਤੇ ਕਟਾਰੂ ਨੇ ਕਾਬਲ ਵਿਚ ਸਿੱਖੀ ਦਾ ਉਪਦੇਸ਼ ਦਿਤਾ, ਇਸੇ ਤਰ੍ਹਾਂ ਅਠਵੇਂ, ਨੌਵੇਂ ਪਾਤਸ਼ਾਹ ਦੇ ਸਮੇਂ ਭਾਈ ਮੱਖਣ ਸ਼ਾਹ ਵਰਗੇ ਗੁਰਸਿੱਖਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਸਭਨਾਂ ਨੇ ਸੰਗਤਾਂ ਨੂੰ ਗੁਰੂ ਨਾਲ ਜੋੜਿਆਂ ਹੈ ਪਰ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ।

**ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਕਈ ਵਾਰ ਇਹ ਕਹਿੰਦੇ ਵੀ ਸੁਣੇ ਗਏ ਹਨ ਕਿ 'ਗੁਰੂ' ਨਿਰਾ ਉਪਦੇਸ਼ ਦੁਆਰਾ ਹੀ ਸਹਾਇਤਾ ਨਹੀਂ ਕਰਦਾ ਸਗੋਂ ਰੂਹਾਨੀ ਸ਼ਕਤੀ ਦੁਆਰਾ ਵੀ ਸਿੱਖ ਦੀ ਆਤਮਾ ਦੀ ਸਹਾਇਤਾ ਕਰਦਾ ਹੈ ?**

ਇਸ ਢੁੱਚਰ ਦਾ ਉੱਤਰ ਇਸ ਪ੍ਰਕਾਰ ਹੈ :-

ਅਸੀਂ ਉਪਰ ਗੁਰਬਾਣੀ ਦੇ ਫੁਰਮਾਣਾਂ ਦੁਆਰਾ ਦਸ ਚੁਕੇ ਹਾਂ ਕਿ ਗੁਰੂ ਨਾਲ ਮੇਲ ਬਾਣੀ ਦੁਆਰਾ ਹੀ ਹੁੰਦਾ ਹੈ ਅਤੇ ਹੁਣ ਵੀ ਜਿਹੜੇ ਦੇਹਧਾਰੀ ਗੁਰੂ ਸਦਵਾਉਂਦੇ ਹਨ ਉਹ ਆਪਣੇ ਭਾਵ ਆਪਣੀ 'ਰਸਨਾ' ਦੁਆਰਾ ਹੀ ਪ੍ਰਗਟ ਕਰਦੇ ਹਨ। ਜੇ ਉਹਨਾਂ ਦੇ ਉਪਦੇਸ਼ਾਂ ਨੂੰ ਇਸ ਸਿਲਸਿਲੇ ਵਿਚੋਂ ਬਾਹਰ ਕੱਢ ਦੇਈਏ ਤਾਂ ਉਹਨਾਂ ਦਾ ਆਪਣੇ ਸੇਵਕਾਂ ਨਾਲ ਸੰਬੰਧ ਹੀ ਕੀ ਰਹਿ ਜਾਵੇਗਾ।

ਜਿਥੋਂ ਤੱਕ ਗੁਰੂ ਦੀ ਆਤਮਕ ਜਾਂ ਰੂਹਾਨੀ ਸ਼ਕਤੀ ਦੀ ਗੱਲ ਹੈ, ਉਹ ਪ੍ਰਭੂ ਨਾਲ ਅਭੇਦ ਹੋਣ ਮਗਰੋਂ ਹੀ ਮਿਲਦੀ ਹੈ। ਗੁਰਬਾਣੀ ਨੇ ਪ੍ਰਭੂ ਨਾਲ ਅਭੇਦਤਾ ਦਾ ਢੰਗ 'ਸ਼ਬਦ-ਸੁਰਤਿ' ਦਾ ਮੇਲ ਦੱਸਿਆ ਹੈ। ਜੋ ਸ਼ਬਦ ਨਾਲ ਪ੍ਰੀਤ ਪਾਉਂਦੇ ਹਨ, ਸ਼ਬਦ ਨੂੰ ਆਪਣੀ ਸੁਰਤਿ ਵਿਚ ਵਸਾਉਂਦੇ ਹਨ ਤੇ ਸ਼ਬਦ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ, ਉਨ੍ਹਾਂ ਨੂੰ ਕਿਸੇ ਦੇਹਧਾਰੀ ਦੀ ਰੂਹਾਨੀ ਸ਼ਕਤੀ ਦੀ ਲੋੜ ਨਹੀਂ ਰਹਿੰਦੀ।

**ਦੇਹਧਾਰੀ ਗੁਰੂ ਡੰਮ੍ਹ ਦੇ ਕਈ ਹਮਾਇਤੀ 'ਸ਼ਬਦ' ਦਾ ਅਰਥ ਕੋਈ ਖਾਸ ਆਵਾਜ਼ ਕਰਦੇ ਹਨ, ਜਿਸਨੂੰ ਸੁਣਨ ਲਈ ਉਹ ਕਈ ਪ੍ਰਕਾਰ ਦੇ ਆਸਨ ਤੇ ਬਿਖਮ ਸਾਧਨਾਵਾਂ ਦਸਦੇ ਹਨ।**

ਇਸ ਬਾਬਤ ਵੀਚਾਰ ਇਹ ਹੈ ਕਿ ਸਿੱਖ ਇਤਿਹਾਸ ਵਿਚ ਜਿੰਨੇ ਸਤਿਗੁਰਾਂ ਜਾਂ ਸਿੱਖਾਂ ਦੇ ਅੰਤ ਸਮੇਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਸਾਰਿਆਂ ਬਾਬਤ ਇਹੋ ਦਸਿਆ ਹੈ ਕਿ ਉਹ ਬਾਣੀ ਪੜ੍ਹਦੇ ਸ਼ਹੀਦ ਹੋਏ ਜਾਂ ਨਾਮ ਜਪਦੇ ਪਰਲੋਕ ਸਿਧਾਰ ਗਏ।

ਇਹ ਕਿਸੇ ਬਾਬਤ ਵੀ ਨਹੀਂ ਲਿਖਿਆ ਮਿਲਦਾ ਕਿ ਉਹ ਨੱਕ, ਕੰਨ, ਅੱਖਾਂ ਬੰਦ ਕਰਕੇ ਕਿਸੇ ਨਾਦ ਦੇ ਧਿਆਨ ਵਿਚ ਮਸਤ ਹੋ ਤੁਰੇ ਜਾਂ ਜੋਗੀਆਂ ਵਾਂਗ ਬ੍ਰਹਮਧਰ ਨੂੰ ਫੋੜ ਕੇ ਉਨ੍ਹਾਂ ਦੀ ਆਤਮਾ ਨੇ ਦੇਹ ਵਿਚੋਂ ਉਡਾਰੀ ਮਾਰੀ। ਅਸਲੀਅਤ ਤਾਂ ਇਹ ਹੈ ਕਿ ਗੁਰਮਤਿ ਵਿਚ 'ਸ਼ਬਦ' ਪਦ ਗੁਰੂ ਦੇ ਉਪਦੇਸ਼ ਰੂਪੀ ਬਚਨ ਗੁਰਬਾਣੀ ਲਈ ਹੀ ਵਰਤਿਆ ਗਿਆ ਹੈ। ਇਸ ਸ਼ਬਦ ਨੂੰ ਕਮਾਉਣ ਵਾਲਿਆਂ ਲਈ ਗੁਰਮੁਖ, ਸੰਤ, ਸਾਧ ਆਦਿ ਪਦ ਵਰਤੇ ਗਏ ਹਨ।

ਜਿਹੜੇ ਗੁਰੂ ਸਦਵਾਉਣ ਵਾਲੇ ਸੱਜਣ 'ਦੇਹਧਾਰੀ ਗੁਰੂ' ਨਾਲੋਂ ਬਾਣੀ ਨੂੰ ਘਟੀਆ ਦਰਜਾ ਦੇਂਦੇ ਹਨ, ਉਹ ਇਕ ਗੱਲ ਭੁਲ ਜਾਂਦੇ ਹਨ ਕਿ ਜਦੋਂ ਉਨ੍ਹਾਂ ਦੀ ਆਪਣੀ ਦੇਹ ਬਿਨਸ ਜਾਵੇਗੀ ਤਾਂ ਕੀ ਉਨ੍ਹਾਂ ਦਾ ਹੁਣ ਦਾ ਉਪਦੇਸ਼ ਸੱਚਾ ਨਹੀਂ ਰਹੇਗਾ ? ਜੇਕਰ ਇਹ ਗੱਲ ਮੰਨ ਲਈ ਜਾਵੇ ਤਾਂ ਫਿਰ ਕਿਸੇ ਵੀ ਧਰਮ ਪੁਸਤਕ ਦਾ ਰਤਾ ਭੀ ਮੁਲ ਨਹੀਂ ਰਹਿੰਦਾ।

ਇਕ ਖ਼ਿਆਲ ਇਹ ਵੀ ਹੈ ਕਿ ਸੱਚ ਦਾ ਅਸਰ ਵਧੀਕ ਹੁੰਦਾ ਹੈ ਜਦੋਂ ਕਿਸੇ ਖਾਸ ਮਨੁੱਖ ਦੀ ਜ਼ਿੰਦਗੀ ਵਿਚ ਵਰਤੀਂਦਾ ਵੇਖੀਏ। ਇਹ ਠੀਕ ਹੈ ਤੇ ਇਸੇ ਲਈ ਸਿੱਖੀ ਮੰਡਲ ਵਿਚ ਭਗਤਾਂ, ਗੁਰਮੁਖਾਂ ਦੀ ਲੋੜ ਹੈ। ਅਸੀਂ ਰੋਜ਼ ਅਰਦਾਸ ਕਰਦੇ ਹਾਂ "ਸੇਈ ਗੁਰਮੁਖ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ"। ਪਰ ਜੋ ਗੁਰੂ ਦੇ ਦਸੇ ਰਾਹ ਤੇ ਤੁਰ ਕੇ, ਗੁਰੂ ਹੁਕਮਾਂ ਦੀ ਕਮਾਈ ਕਰਕੇ, ਤੋੜ ਪੁਜੇ ਹਨ, ਉਹ ਕਦੀ ਗੁਰੂ ਦੀ ਬਰਾਬਰੀ ਦਾ ਦਾਵਾ ਨਹੀਂ ਕਰਨਗੇ ਤੇ ਨਾ ਹੀ ਆਪਣੇ ਆਪ ਨੂੰ ਗੁਰੂ ਸਦਵਾਉਣਗੇ। ਸਿੱਖ ਇਤਿਹਾਸ ਵਿਚੋਂ ਕੋਈ ਮਿਸਾਲ ਨਹੀਂ ਮਿਲਦੀ ਕਿ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਵਰਗੇ ਕਿਸੇ ਵੀ ਗੁਰੂ ਕੇ ਸਿੱਖ ਨੇ ਇਹ ਕਿਹਾ ਹੋਵੇ ਕਿ ਮੈਂ ਗੁਰੂ ਹਾਂ।

**ਕਈ ਦੇਹਧਾਰੀ ਗੁਰੂ-ਡੰਮ੍ਹ ਦੇ ਹਾਮੀ ਹੁਜਤਾਂ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਕਾਗਜ਼ਾਂ ਦੀ ਪੋਥੀ ਹੈ ਜਿਸ ਤੇ ਸਿਆਹੀ ਨਾਲ ਅੱਖਰ ਲਿਖੇ ਹੋਏ ਹਨ। ਕਾਗਜ਼ ਤੇ ਸਿਆਹੀ ਗੁਰੂ ਕਿਵੇਂ ਹੋ ਸਕਦੀ ਹੈ ?**

ਐਸੇ ਗੁਰੂ ਨਿੰਦਕਾਂ ਨੂੰ ਕੁਬੋਲ ਬੋਲਣ ਦਾ ਹੀਆ ਤਾਂ ਹੀ ਪੈ ਰਿਹਾ ਹੈ, ਕਿਉਂਕਿ ਅਸੀਂ ਢਿਲੇ ਹੋ ਗਏ ਹਾਂ, ਸਾਡੇ ਗੁਰਮਤਿ ਪਰਚਾਰ ਤੇ ਪੰਜ ਕਕਾਰੀ ਰਹਿਤ ਬਹਿਤ ਵਾਲੇ ਜੀਵਨ ਵਿਚ ਢਿਲ ਆ ਗਈ ਹੈ। ਜੇ ਅਸੀਂ ਕਾਇਮ ਹੋ ਜਾਈਏ ਤਾਂ ਕਿਸੇ ਗੁਰੂ ਨਿੰਦਕ ਨੂੰ ਐਸੀ ਹੁਜਤ ਕਰਨ ਦਾ ਹੀਆ ਨਾ ਪਵੇ। ਐਸੇ ਮੂਰਖਾਂ ਨੂੰ ਇਹ ਨਹੀਂ ਪਤਾ ਕਿ ਸਿੱਖ ਕਾਗ਼ਜ਼ ਤੇ ਸਿਆਹੀ ਦੀ ਪੂਜਾ ਨਹੀਂ ਕਰਦੇ, ਸਗੋਂ ਗੁਰਬਾਣੀ ਦੀ ਪੂਜਾ ਕਰਦੇ ਹਨ, ਗੁਰ ਸ਼ਬਦ ਦੀ ਪੂਜਾ ਕਰਦੇ ਹਨ। ਜੇਕਰ ਕੋਈ ਕੋਰੀ ਪੋਥੀ ਜਿਸ ਤੇ ਗੁਰਬਾਣੀ ਨਾ ਲਿਖੀ ਹੋਵੇ, ਰੁਮਾਲਿਆਂ ਵਿਚ ਲਪੇਟ ਕੇ ਰੱਖ ਦਿੱਤੀ ਜਾਵੇ ਤਾਂ ਐਸੀ ਪੋਥੀ ਨੂੰ ਸਿੱਖ ਕਦੀ ਵੀ ਮੱਥਾ ਨਹੀਂ ਟੇਕਣਗੇ। ਸਿੱਖ ਦੀ ਡੰਡਾਉਤ ਤਾਂ 'ਗੁਰਬਾਣੀ' ਅਗੇ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਜਾ ਪਾਠ ਨੂੰ ਬੁਤ ਪ੍ਰਸਤੀ ਕਹਿਣ ਵਾਲੇ ਮਹਾਂ ਅਗਿਆਨੀ ਹਨ ਜਿਨ੍ਹਾਂ ਨੂੰ ਸਿੱਖ ਧਰਮ ਦੇ ਸਿਧਾਂਤ "**ਨਾਉ ਪੂਜੀਐ ਨਾਉ ਮੰਨੀਐ, ਨਾਇ ਕਿਲਵਿਖ ਸਭ ਹਿਰਿਆ॥** *(ਸਿਰੀਰਾਗ ਕੀ ਵਾਰ, ਮ:੪, ਪੰਨਾ ੮੭)* ਦਾ ਪਤਾ ਨਹੀਂ।

**ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਆਖਦੇ ਹਨ :**

**ਸੰਤਨ ਹਥਿ ਰਾਖੀ ਕੂੰਜੀ॥** *(ਰਾਮਕਲੀ, ਮਹਲਾ ੫, ਪੰਨਾ ੮੯੩)*

**ਇਹ ਪੰਗਤੀ ਪੜ੍ਹ ਕੇ ਧੋਖਾ ਦਿੰਦੇ ਹਨ ਕਿ ਕੁੰਜੀ ਸਾਡੇ ਸੰਤਾਂ ਦੇ ਹੱਥਾਂ ਵਿਚ ਹੈ, ਸਾਥੋਂ ਬਿਨਾ ਤਾਲਾ ਹੀ ਨਹੀਂ ਖੁਲਦਾ।**

ਇਸ ਦਾ ਉਤਰ ਇਹ ਹੈ ਕਿ ਇਸ ਤੁਕ ਵਿਚ ਆਇਆ 'ਸੰਤਨ' ਪਦ ਬਹੁ ਵਚਨ ਹੈ, ਇਕ ਵਚਨ ਨਹੀਂ। 'ਸੰਤਨ' ਦੇ ਅਰਥ ਹਨ – ਬਹੁਤੇ ਸੰਤ ਭਾਵ ਬਹੁਤੇ ਗੁਰਮੁਖ ਜਨ, ਭਾਵ ਗੁਰੂ ਸੰਗਤ। ਤੁਕ ਦਾ ਅਰਥ ਹੈ ਕਿ ਗੁਰੂ ਸੰਗਤ ਵਿਚ ਜਾ ਕੇ ਨਾਮ ਜਪਣ ਨਾਲ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਇਹ ਸਮਝ 'ਗੁਰਬਾਣੀ' ਦੇ ਸ਼ਬਦਾਂ ਨੂੰ ਸਮਝਣ ਵੀਚਾਰਨ ਨਾਲ ਹੀ ਆਉਂਦੀ ਹੈ। ਕਿਉਂਕਿ ਅਗਿਆਨੀ ਗੁਰੂਆਂ ਦੇ ਏਜੰਟ ਗੁਰਬਾਣੀ ਤਾਂ ਪੜ੍ਹਦੇ ਸਮਝਦੇ ਨਹੀਂ, ਇਸ ਕਰਕੇ 'ਸ਼ਬਦ' ਨੂੰ ਨਾ ਸਮਝਣ ਕਰਕੇ ਇਹੋ ਜੇਹੀਆਂ ਬੇਤੁਕੀਆਂ ਗੱਲਾਂ ਕਰਦੇ ਹਨ। 'ਸ਼ਬਦ' ਦੀ ਸੋਝੀ ਨਾ ਹੋਣ ਕਾਰਨ ਉਹ ਅੰਨ੍ਹੇ ਵੀ ਹਨ ਤੇ ਬੋਲੇ ਵੀ :

**ਸਬਦੁ ਨ ਜਾਣਹਿ ਸੇ ਅੰਨੇ ਬੋਲੇ,**
**ਸੇ ਕਿਤੁ ਆਏ ਸੰਸਾਰਾ॥**

*(ਸੋਰਠਿ, ਮ: ੩, ਪੰਨਾ ੬੦੧)*

ਸੋ ਗੁਰਬਾਣੀ ਸਮਝਣ ਦੀ 'ਕੁੰਜੀ' ਗੁਰਬਾਣੀ ਹੀ ਹੈ। ਇਹਨਾਂ ਦੰਭੀਆਂ ਨੂੰ ਕਿਸੇ ਨੇ ਕੁੰਜੀਆਂ ਦਾ ਗੁਛਾ ਨਹੀਂ ਦਿੱਤਾ। ਇਹ ਗੁਰੂ ਘਰ ਦੇ ਚੋਰ ਕੁੰਜੀਆਂ ਲਿਆਏ ਕਿਥੋਂ ਹਨ?

**ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਕਹਿੰਦੇ ਹਨ ਕਿ ਜੇ ਕਿਸੇ ਪੁਰਸ਼ ਨੂੰ ਗਿਆਰਵਾਂ, ਬਾਰ੍ਹਵਾਂ, ਤੇਰ੍ਹਵਾਂ ਗੁਰੂ ਮੰਨ ਲਿਆ ਜਾਵੇ ਤਾਂ ਕੀ ਹਰਜ਼ ਹੈ ?**

ਇਸ ਦਾ ਉਤਰ ਇਹ ਹੈ ਕਿ ਜਦੋਂ ਸਤਿਗੁਰਾਂ ਨੇ ਸਿੱਖੀ ਦੇ ਆਦਰਸ਼ ਨੂੰ ਸੰਪੂਰਨ ਕਰ ਲਿਆ, ਪੰਥ ਸਾਜ ਕੇ ਉਸ ਨੂੰ ਨਾਮ, ਰੂਪ, ਸਪਿਰਟ, ਅਧਿਕਾਰ ਅਤੇ ਰਹਿਤ ਬਖਸ਼ ਕੇ ਨਿਜ ਸਰੂਪ ਬਣਾ ਲਿਆ ਤਾਂ ਗੁਰਗੱਦੀ ਦਸਮ ਪਾਤਸ਼ਾਹ ਨੇ ਸ੍ਰੀ ਗੁਰੂ ਗਰੰਥ ਸਾਹਿਬ

ਨੂੰ ਦੇ ਕੇ 'ਪੰਥ' ਨੂੰ ਗੁਰੂ ਗ੍ਰੰਥ ਦੀ ਤਾਬਿਆ ਗੁਰੂ ਬਣਾ ਦਿੱਤਾ। ਸ਼ਖਤੀ ਗੁਰਤਾ ਦਾ ਸਿਲਸਿਲਾ ਹਮੇਸ਼ਾ ਲਈ ਖਤਮ ਕਰ ਦਿੱਤਾ। ਇਸ ਲਈ ਹੁਣ ਕੋਈ ਇਕੱਲਾ ਪੁਰਸ਼ ਖਾਲਸਾ ਪੰਥ ਦਾ ਗੁਰੂ ਨਹੀਂ ਹੋ ਸਕਦਾ। ਦਸਮ ਗੁਰੂ ਜੀ ਨੇ ਆਤਮਾ ਗਰੰਥ ਵਿਚ ਤੇ ਸਰੀਰ ਪੰਥ ਵਿਚ; ਜੋਤਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤੇ ਜੁਗਤਿ ਖਾਲਸਾ ਪੰਥ ਵਿਚ ਕਹਿ ਕੇ ਗੁਰੂ ਗਰੰਥ ਸਾਹਿਬ ਦੀ ਤਾਬਿਆ ਖਾਲਸਾ ਪੰਥ ਨੂੰ ਗੁਰਿਆਈ ਸੌਂਪ ਦਿੱਤੀ ਹੋਈ ਹੈ। ਇਸ ਲਈ ਹੁਣ ਕਿਸੇ ਮਨੁੱਖ ਦਾ ਗਿਆਰਵਾਂ, ਬਾਰ੍ਹਵਾਂ, ਤੇਰ੍ਹਵਾਂ ਗੁਰੂ ਬਣਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

**ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਕਹਿੰਦੇ ਹਨ 'ਸਿੱਖ ਦਾ ਨਿਸ਼ਚਾ ਉਸ ਨੂੰ ਤਾਰ ਦਿੰਦਾ ਹੈ, ਭਾਵੇਂ ਗੁਰੂ ਕੁਝ ਵੀ ਹੋਵੇ ?'**

ਸਿੱਖ ਧਰਮ ਵਿਚ ਇਹ ਗੱਲ ਨਹੀਂ ਮੰਨੀ ਗਈ। ਸਿੱਖ ਧਰਮ ਨੇ ਇਹ ਅੰਧ ਵਿਸ਼ਵਾਸ ਨਹੀਂ ਦਿੱਤਾ ਕਿ :

'ਗੁਰ ਗੁੰਗੈ ਗੁਰ ਬਾਵਰੇ ਗੁਰ ਕੇ ਰਹੀਏ ਦਾਸ'

ਬਲਕਿ ਇਹ ਦਸਿਆ ਹੈ ਕਿ ਪੂਰਨ ਗੁਰੂ ਤੋਂ ਬਿਨਾਂ ਨਿਸਤਾਰਾ ਨਹੀਂ ਹੋ ਸਕਦਾ। ਅਪੂਰਣ, ਅਗਿਆਨੀ, ਦੰਭੀ ਤੇ ਪਖੰਡੀ ਗੁਰੂਆਂ ਤੋਂ ਮੁਕਤੀ ਨਹੀਂ ਹੋ ਸਕਦੀ। ਅਜਿਹੇ ਗੁਰੂ, ਸਿੱਖ ਨੂੰ ਕਿਸੇ ਪਦਵੀ ਤੇ ਪੁਚਾਣ ਦੀ ਥਾਂ ਰਸਾਤਲ ਵਿਚ ਸੁੱਟ ਦਿੰਦੇ ਹਨ। ਜਿਨ੍ਹਾਂ ਵਿਚ ਕੋਈ ਆਤਮਿਕ ਸ਼ਕਤੀ ਨਹੀਂ ਕੋਈ ਅਨੁਭਵ, ਗਿਆਨ ਜਾਂ ਕਰਨੀ ਨਹੀਂ, ਐਸੇ ਦੰਭੀ ਗੁਰੂਆਂ ਤੋਂ ਬਚਣ ਦੀ ਗੁਰਬਾਣੀ ਵਿਚ ਬੜੀ ਤਾਕੀਦ ਕੀਤੀ ਗਈ ਹੈ।

**ਗੁਰੂ ਜਿਨਾ ਕਾ ਅੰਧੁਲਾ, ਚੇਲੇ ਨਾਹੀ ਠਾਉ॥**

*(ਸਿਰੀਰਾਗੁ, ਮਹਲਾ ੧, ਪੰਨਾ ੫੮)*

**ਨਾਨਕ ਅੰਧਾ ਹੋਇ ਕੈ, ਦਸੇ ਰਾਹੈ, ਸਭਸੁ ਮੁਹਾਏ ਸਾਥੈ॥**
**ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ॥**

*(ਵਾਰ ਮਾਝ ਕੀ, ਮਹਲਾ ੧, ਪੰਨਾ ੧੪੦)*

**ਅੰਧੇ ਗੁਰੂ ਤੇ ਭਰਮੁ ਨ ਜਾਈ॥**

*(ਗਉੜੀ, ਮ: ੩, ਪੰਨਾ ੨੩੨)*

**ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ॥**

*(ਰਾਮਕਲੀ ਕੀ ਵਾਰ, ਮਹਲਾ ੩, ਪੰਨਾ ੯੫੧)*

**ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ॥**

*(ਗੁਜਰੀ, ਮ: ੩, ਪੰਨਾ ੪੯੧)*

**ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ॥**
**ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ॥**

*(ਸੂਹੀ, ਮ: ੧, ਪੰਨਾ ੭੬੭)*

**ਕਾਚੇ ਗੁਰ ਤੇ ਮੁਕਤਿ ਨ ਹੂਆ॥**

*(ਰਾਮਕਲੀ, ਮ: ੧, ਦਖਣੀ, ਓਅੰਕਾਰੁ, ਪੰਨਾ ੯੩੨)*

**ਅੰਧੇ ਕੈ ਰਾਹਿ ਦਸੀਐ, ਅੰਧਾ ਹੋਇ ਸੁ ਜਾਇ॥**
**ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ॥**

*(ਸਲੋਕ, ਮ: ੨, ਪੰਨਾ ੯੫੪)*

**ਕਈ ਗੁਰੂ-ਡੰਮ੍ਹ ਦੇ ਹਾਮੀ ਆਪਣੇ ਦੇਹਧਾਰੀ ਗੁਰੂ ਦਾ ਪ੍ਰਚਾਰ ਕਰਨ ਲਈ ਰਿਧੀਆਂ ਸਿਧੀਆਂ ਤੇ ਕਰਾਮਾਤਾਂ ਨੂੰ ਆਪਣੇ ਗੁਰੂ ਨਾਲ ਜੋੜ ਕੇ ਦਸਦੇ ਹਨ ਕਿ ਸਾਡੇ ਗੁਰੂ ਵਿਚ ਇਹ ਕਰਾਮਾਤ ਹੈ, ਇਹ ਤਾਕਤ ਹੈ, ਆਦਿ। ਇਸ ਤਰ੍ਹਾਂ ਕਈ ਭੋਲੇ ਭਾਲੇ ਅਣਜਾਣ ਸ਼ਰਧਾਲੂ ਕਰਾਮਾਤਾਂ ਤੇ ਸਿਧੀਆਂ ਦੇ ਅਖੌਤੀ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਉਹਨਾਂ ਦੇ ਚੁੰਗਲ ਵਿਚ ਫਸ ਜਾਂਦੇ ਹਨ।**

ਸਿੱਖ ਧਰਮ ਵਿਚ ਤਾਂ ਇਹ ਦ੍ਰਿੜ ਕਰਾਇਆ ਗਿਆ ਹੈ ਕਿ :
ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ॥

*(ਵਡਹੰਸ ਕੀ ਵਾਰ, ਸਲੋਕ, ਮ: ੩, ਪੰਨਾ ੫੯੩)*

**ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ,**
**ਧਿਗੁ ਸਿਧੀ ਧਿਗੁ ਕਰਮਾਤਿ॥**
**ਸਾ ਸਿਧਿ ਸਾ ਕਰਮਾਤਿ ਹੈ,**
**ਅਚਿੰਤੁ ਕਰੇ ਜਿਸੁ ਦਾਤਿ॥**
**ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ,**
**ਏਹਾ ਸਿਧਿ ਏਹਾ ਕਰਮਾਤਿ॥**

*(ਵਾਰ ਸੋਰਠਿ, ਮਹਲਾ ੩, ਪੰਨਾ ੬੫੦)*

ਸੋ, ਅਵੱਲ ਤਾਂ ਇਹਨਾਂ ਦੰਭੀਆਂ ਪਾਸ ਕੋਈ ਰਿਧੀ ਸਿਧੀ ਜਾਂ ਤਾਕਤ ਹੁੰਦੀ ਹੀ ਨਹੀਂ। ਪਰ ਜੇ ਕਿਸੇ ਕੋਲ ਸਾਧਨਾ ਕਰਕੇ ਆ ਵੀ ਜਾਵੇ ਤਾਂ ਵੀ ਗੁਰੂ ਕਾ ਸਿੱਖ ਇਹਨਾਂ ਦੰਭੀਆਂ ਤੇ ਪਸੀਜਦਾ ਨਹੀਂ, ਕਿਉਂਕਿ ਉਹ ਜਾਣਦਾ ਹੈ ਕਿ ਰਿਧੀਆਂ ਸਿਧੀਆਂ ਗੁਰਮੁਖਾਂ ਦੇ ਚਰਨਾਂ ਦੀਆਂ ਦਾਸੀਆਂ ਹਨ। ਮਨੁਖਾ ਜੀਵਨ ਦਾ ਮਨੋਰਥ ਇਹਨਾਂ ਦੇ ਭਰਮ ਜਾਲ ਵਿਚ ਫਸਣਾ ਨਹੀਂ ਸਗੋਂ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ ਵਿਚ ਅਭੇਦ ਹੋਣਾ ਹੈ।

ਆਉ! ਅਸੀਂ ਗੁਰੂ ਸ਼ਬਦ ਦਾ ਲੜ ਪਕੜੀਏ। ਕੰਨਾਂ ਵਿਚ ਮੰਤਰ ਦੇਣ ਵਾਲੇ ਪਾਖੰਡੀਆਂ ਦੇ ਝਾਂਸੇ ਵਿਚ ਨਾ ਆਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕੇਵਲ ਗਿਆਨ ਦਾ ਭੰਡਾਰ ਹਨ। ਇਸ ਖਜ਼ਾਨੇ ਵਿਚੋਂ ਲੁਟ ਮਾਰ ਕਰਕੇ ਹੀ ਉਹ ਆਪਣੇ ਆਪ ਨੂੰ ਗੁਰੂ ਸਿੱਧ ਕਰਦੇ ਫਿਰਦੇ ਹਨ :

**'ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ,**
**ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ'**

ਉਪਰ ਪੂਰੇ ਨਿਸ਼ਚੇ ਨਾਲ ਅਮਲ ਕਰਦੇ ਹੋਏ ਗੁਰੂ ਗ੍ਰੰਥ-ਪੰਥ ਨੂੰ ਆਪ ਗੁਰੂ ਮੰਨੀਏ ਤੇ ਹੋਰਨਾਂ ਨੂੰ ਇਸ ਸਚਾਈ ਬਾਰੇ ਦਸ ਕੇ ਭੁਲੇਖਿਆਂ ਤੋਂ ਬਚਾਈਏ।

# ਡੇਰੇਦਾਰ ਮਹੰਤ (ਗੁਰੂ-ਡੰਮ੍ਹ)

ਸਿੱਖ ਪੰਥ ਵਿਚ ਕਿਤਨੇ ਹੀ ਡੇਰੇਦਾਰ ਮਹੰਤਾਂ ਅਤੇ ਗੁਰੂ ਡੰਮ੍ਹ ਦੇ ਆਪੋ ਆਪਣੇ ਅੱਡਰੇ ਜਥੇ ਬਣੀ ਜਾ ਰਹੇ ਹਨ, ਜਿਨ੍ਹਾਂ ਨੂੰ ਸਿੱਖ ਸੰਪਰਦਾਵਾਂ ਦੇ ਨਾਮ ਹੇਠਾਂ ਢਕਿਆ ਜਾਂਦਾ ਹੈ। ਵਾਸਤਵ ਵਿਚ ਇਹ ਫਿਰਕੇਬੰਦੀਆਂ ਦਾ ਪਰਚਾਰ ਹੈ, ਜੋ ਕਿ ਗੁਰੂ ਪੰਥ ਦੀ ਜਥੇਬੰਦਕ ਏਕਤਾ ਵਾਸਤੇ ਸਖਤ ਹਾਨੀਕਾਰਕ ਹੈ। ਇਹਨਾਂ ਡੇਰਿਆਂ ਦੇ ਸੰਤ-ਮਹੰਤ ਆਪਣੇ ਆਪਣੇ ਸੇਵਕਾਂ ਨੂੰ ਅਡਰੀ-ਅਡਰੀ ਭਾਂਤ ਦੇ ਸਿੱਖ ਬਣਾ ਕੇ ਵਰਗਲਾ ਰਹੇ ਹਨ ਤੇ ਉਹਨਾਂ ਦੇ ਸਿਰਾਂ ਪਰ ਮੌਜਾਂ ਮਾਣਦੇ ਹਨ। ਇਹੀ ਕਾਰਨ ਹੈ ਕਿ ਦਸ਼ਮੇਸ਼ ਪਾਤਸ਼ਾਹ ਦੀ ਬਖਸ਼ੀ ਹੋਈ ਖੰਡੇ ਬਾਟੇ ਦੇ ਅੰਮ੍ਰਿਤ ਵਾਲੀ ਸਿੱਖੀ, ਜਿਸ ਦਾ ਨਿਸ਼ਾਨਾ ਸਭ ਫਿਰਕੇਬੰਦੀਆਂ ਨੂੰ ਖਤਮ ਕਰਨਾ ਸੀ, ਇਹਨਾਂ ਡੇਰੇਦਾਰ ਸੰਤਾਂ ਮਹੰਤਾਂ ਦੀ ਕਿਰਪਾ ਸਦਕਾ ਅੱਡ-ਅੱਡ ਸੰਪਰਦਾਵਾਂ ਵਿਚ ਵੰਡੀਂਦੀ ਚਲੀ ਜਾ ਰਹੀ ਹੈ। ਕੋਈ ਆਪਣੇ ਆਪ ਨੂੰ ਤੀਜੇ ਪਾਤਸ਼ਾਹ ਦੇ ਸਿੱਖ ਗੰਗੂ ਦਾਸ ਦੇ ਨਾਮ ਤੇ ਗੰਗੂ ਸ਼ਾਹੀਏ ਸਿੱਖ ਅਖਵਾ ਰਿਹਾ ਹੈ ਤੇ ਕੋਈ ਛੇਵੇਂ ਗੁਰੂ ਜੀ ਦੇ ਸਿੱਖ ਭਾਈ ਸੁਥਰੇ ਸ਼ਾਹ ਦੇ ਨਾਮ ਤੇ ਸੁਥਰੇ ਸ਼ਾਹੀ ਸ਼ਾਖ ,ਕਾਇਮ ਕਰੀ ਬੈਠਾ ਹੈ।

ਇਕ ਹੋਰ ਗੱਦੀ ਅੱਡਣਸ਼ਾਹੀਏ ਸਿਖਾਂ ਦੀ ਵੀ ਚਲ ਰਹੀ ਹੈ, ਤੇ ਕਈ ਸੇਵਾ ਪੰਥੀ ਅਖਵਾਉਣ ਵਿਚ ਫਖਰ ਸਮਝ ਰਹੇ ਹਨ। ਇਸੇ ਤਰ੍ਹਾਂ 'ਬਹਿਲੋ ਜਾਂ ਭਗਤੇ ਕੇ' ਸਿੱਖਾਂ ਦੀ ਵੀ ਅਡਰੀ ਹੀ ਸ਼ਾਖ ਰਹੀ ਹੈ। ਇਹ ਠੀਕ ਹੈ ਕਿ ਇਹਨਾਂ ਗੱਦੀਆਂ ਤੇ ਸੰਚਾਲਕਾਂ ਵਲੋਂ ਸਿਖੀ ਦੇ ਪਰਚਾਰ ਲਈ ਕਾਫੀ ਯਤਨ ਹੋਇਆ, ਪਰ ਹੁਣ ਇਹ ਗੱਦੀਆਂ ਨਿਸਚੇ ਹੀ ਅਡੋ ਅਡ ਗੁਰੂ ਡੰਮ੍ਹ ਅਤੇ ਡੇਰੇਦਾਰ ਮਹੰਤਾਂ ਦਾ ਰੂਪ ਧਾਰਨ ਕਰ ਚੁਕੀਆਂ ਹਨ।

ਕੋਈ ਆਪਣੇ ਆਪ ਨੂੰ 'ਹੀਂਹ ਦਾਸੀਏ' ਸਿਖਾਂ ਦੀ ਸ਼ਾਖ ਨਾਲ ਜੋੜੀ ਜਾ ਰਿਹਾ ਹੈ ਜੋ ਸ਼ਰਨ ਦਾਸ 'ਉਦਾਸੀ' ਦਾ ਚੇਲਾ ਸੀ ਤੇ ਜਿਸ ਦਾ ਡੇਰਾ ਗੰਡੀ ਪਿੰਡ (ਤਰਨਤਾਰਨ) ਹੈ ਤੇ ਕੋਈ ਆਪਣੇ ਆਪ ਨੂੰ ਗੁਲਾਬ-ਦਾਸੀਏ ਸਿੱਖ ਅਖਵਾ ਕੇ ਪ੍ਰਸੰਨ ਹੋ ਰਿਹਾ ਹੈ।

'ਗਹਿਰ ਗੰਭੀਰ' ਨਾਮ ਦੀ ਇਕ ਹੋਰ ਢਾਹਣੀ ਅੰਬਾਲੇ ਜ਼ਿਲੇ ਵਿਚ ਵੇਖਣ ਨੂੰ ਆਈ ਹੈ ਜੋ ਗੁਰਬਾਣੀ ਦੇ ਪਰਮਾਣ ਨਿਕਾਲ ਕੇ, ਆਪਣੇ ਮਤਲਬ ਦੇ ਅਰਥ ਕੱਢ ਕੇ, ਅਣਜਾਣ ਸਿੱਖਾਂ ਨੂੰ ਫਸਾ ਕੇ ਆਪਣਾ 'ਗਹਿਰ ਗੰਭੀਰ' ਮੱਤ ਚਲਾ ਰਹੀ ਹੈ। ਇਸੇ ਤਰ੍ਹਾਂ ਸਰਸੇ ਵਿਚ 'ਸੱਚਾ ਸੌਦਾ' ਗੁਰੂ ਡੰਮ ਜ਼ੋਰ ਫੜ ਰਿਹਾ ਹੈ ਜੋ 'ਧੰਨ ਧੰਨ ਸਤਿਗੁਰੂ ਤੇਰਾ ਹੀ ਆਸਰਾ' ਕਹਿ ਕੇ ਆਮ ਸਿੱਖਾਂ ਨੂੰ ਵਰਗਲਾ ਰਿਹਾ ਹੈ। ਇਹ ਢਾਹਣੀ 'ਸੰਤ ਸਾਜਨ ਭਏ ਸਰਸੇ' ਵਾਲੀ ਅਨੰਦ ਸਾਹਿਬ ਦੀ ਬਾਣੀ ਦੀ ਤੁਕੇ ਵਿਚਲੇ 'ਸਰਸੇ' ਪਦ ਦਾ ਅਰਥ ਸਰਸਾ ਸ਼ਹਿਰ ਕਰਕੇ ਸੰਤਾਂ ਦੇ ਸਰਸੇ ਵਿਖੇ ਪ੍ਰਗਟ ਹੋਣ ਦਾ ਐਲਾਨ ਦਸ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘ ਕਾਂਸ਼ੀ ਵਿਖੇ ਸੰਸਕ੍ਰਿਤ ਦੀ ਵਿਦਿਆ ਲੈਣ ਲਈ ਭੇਜੇ ਸਨ,"ਉਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ ਪਰ ਹੁਣ ਨਿਰਮਲੇ ਸਿੱਖਾਂ ਨੇ ਵੀ ਆਪਣੀ ਅਡਰੀ ਸ਼ਾਖ ਬਣਾ ਰੱਖੀ ਹੈ; ਭਾਵੇਂ ਕਈ ਸਿੱਖੀ ਦਾ ਪ੍ਰਚਾਰ ਹੀ ਕਰ ਰਹੇ ਹਨ ਪਰ ਬਹੁਤੇ ਲੰਗੋਟੀਆਂ ਧੋਤੀਆਂ ਦੇ ਵੱਧ ਪ੍ਰੇਮੀ ਵੇਖੇ ਜਾਂਦੇ ਹਨ। ਆਪਣਾ ਨਿਰਮਲ ਪੰਥ ਮੰਨ ਕੇ ਡੇਰੇਦਾਰ ਸੰਤ ਬਣ ਕੇ ਅਡਰੇ ਚੇਲੇ ਬਾਲੇ ਰਖਦੇ ਹਨ, ਜੋ ਫਿਰਕੇਬੰਦੀ ਦੀ ਪੱਕੀ ਨਿਸ਼ਾਨੀ ਹੈ। ਸਿੱਖ ਧਰਮ ਵਿਚ ਪ੍ਰਵੇਸ਼ ਕੀਤੀਆਂ ਹਿੰਦੂ ਰੀਤਾਂ ਰਸਮਾਂ ਦਾ ਬਹੁਤਾ ਹਿੱਸਾ ਇਹਨਾਂ ਦੀ ਕ੍ਰਿਪਾ ਸਦ... ਹੀ ਘੁਸਿਆ ਹੈ।

ਨਿਹੰਗ ਸਿੰਘਾਂ ਦੀ ਭੀ ਇਕ ਅਡਰੀ ਸ਼ਾਖ ਬਣ ਗਈ ਹੈ। ਅਰਦਾਸਾ ਦਸਾਂ ਗੁਰਾਂ ਦਾ ਹੀ ਕਰਦੇ ਹਨ, ਆਪਣਾ ਆਰੰਭ ਬਾਬਾ ਫੂਲਾ ਸਿੰਘ ਅਕਾਲੀ, ਭਾਈ ਮਾਨ ਸਿੰਘ, ਭਾਈ ਨੈਣਾ ਸਿੰਘ ਤੋਂ ਮੰਨਦੇ ਹਨ। ਕਈ ਗੁਰੂ ਦਸ਼ਮੇਸ਼ ਜੀ ਦੇ ਛੋਟੇ ਸਾਹਿਬਜਾਦੇ ਬਾਬਾ ਫਤਹਿ ਸਿੰਘ ਜੀ ਤੋਂ ਮੰਨਦੇ ਹਨ। ਜਥੇਦਾਰ ਨੂੰ ਗੁਰਦੇਵ ਕਹਿੰਦੇ ਹਨ। ਬੇਸ਼ਕ ਇਹ ਗੁਰੂ ਡੰਮ੍ਹ ਦੇ ਹਾਮੀ ਨਹੀਂ ਹਨ, ਪਰ ਆਪਣਾ ਪੰਥ ਵਖਰਾ ਮੰਨਦੇ ਹਨ। ਬੁੱਢਾ ਦਲ ਮੁਖੀ ਹੈ। ਆਪ ਨੂੰ ਚਲਦਾ ਫਿਰਦਾ ਪੰਜਵਾਂ ਤਖਤ ਭੀ ਸਮਝਦੇ ਹਨ। ਚਾਹੀਦਾ ਤਾਂ ਇਹ ਹੈ ਕਿ ਨਿਹੰਗ ਸਿੰਘਾਂ ਦੀ ਇਹ ਸ਼ਾਖ ਆਪਣਾ ਵਖਰੇਵਾਂ ਖਤਮ ਕਰਕੇ ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਸਮਝਣ, ਪਰ ਐਸਾ ਨਾ ਹੋਣ ਕਰਕੇ ਹੀ ਸਿੱਖਾਂ ਦੀ ਸ਼ਕਤੀ ਕਮਜ਼ੋਰ ਹੋ ਰਹੀ ਹੈ।

ਇਸੇ ਤਰ੍ਹਾਂ ਕਈ ਸੰਤਾਂ-ਮਹੰਤਾਂ ਦੀਆਂ ਗੁਪਤ ਗੁਰੂ ਡੰਮ੍ਹ / ਮਹੰਤ ਡੰਮ੍ਹ ਦੀਆਂ ਪੀਹੜੀਆਂ ਹਨ ਜੋ ਲੋਕਾਂ ਦੀ ਅਨਪੜ੍ਹਤਾ, ਭੇਡ ਚਾਲ ਤੇ ਮੂਰਖਤਾ ਦੇ ਬਲ ਬੋਤੇ ਚਲ ਰਹੀਆਂ ਹਨ। ਜਿਹੜਾ ਵੀ ਕੋਈ ਹੱਡ ਹਰਾਮ ਕੰਮ ਕਰਨੋਂ ਡਰਦਾ ਭੇਖ ਧਾਰਨ ਕਰ ਲੈਂਦਾ ਹੈ, ਉਹੀ ਦੇਹਧਾਰੀ ਗੁਰੂ ਬਣ ਬੈਠ੍ਹਦਾ ਹੈ। ਆਪਣੀ ਪੋਜ਼ੀਸ਼ਨ ਬਰਕਰਾਰ ਰੱਖਣ ਲਈ ਇਹਨਾਂ ਨੇ ਕਈ ਤਰ੍ਹਾਂ ਦੇ ਢਕਵੰਜ ਰਚ ਲਏ ਹਨ। ਕੋਈ ਰੱਬ ਦਾ ਠੇਕੇਦਾਰ ਬਣ ਬੈਠਾ ਹੈ। ਕਿਸੇ ਨੇ ਸੁਰਗਾਂ ਦੀਆਂ ਕੁੰਜੀਆਂ ਹੱਥਾਂ ਵਿਚ ਹੋਣ ਦਾ ਦਾਅਵਾ ਕੀਤਾ ਹੈ। ਕੋਈ ਰਿਧੀਆਂ ਸਿਧੀਆਂ ਦਾ ਮਾਲਕ ਬਣ ਬੈਠਾ ਹੈ। ਕਿਸੇ ਮਠ ਬਣਾ ਲਏ, ਕਿਸੇ ਨੇ ਮੰਜੀ ਥਾਪ ਲਈ। ਕਈਆਂ ਨੇ ਔਰਤਾਂ ਨੂੰ ਪੁੱਤਰ ਦੇਣ ਦਾ ਢਕਵੰਜ ਰਚ ਰਖਿਆ ਹੈ ਤੇ ਕਈਆਂ ਨੇ ਨਿਸ਼ਾਨ ਸਾਹਿਬ ਉਤੇ ਮੋਰ ਦੇ ਖੰਭ ਟੰਗ ਕੇ ਭੂਤ ਕੱਢਣ ਤੇ ਪੁੱਛਾਂ ਦੇਣ ਦੀ ਅਜੀਬ ਖੇਲ ਰੱਖੀ ਹੈ। ਇਹਨਾਂ ਦੇ ਜ਼ਿਆਦਾਤਰ ਏਜੰਟ ਇਸਤਰੀਆਂ ਹੀ ਹੁੰਦੀਆਂ ਹਨ ਜੋ ਹੋਰ ਇਸਤਰੀਆਂ ਨੂੰ ਫਸਾਉਣ ਵਿਚ ਜਲਦੀ ਕਾਮਯਾਬ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹਨਾਂ ਦੀ ਗੁਰੂ-ਡੰਮ ਦੀ ਦੁਕਾਨ ਚਲਦੀ ਰਹਿੰਦੀ ਹੈ।

ਗੁਰੂ-ਡੰਮ ਦੇ ਇਹ ਦਾਅਵੇਦਾਰ ਬਹੁਤੀ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਆਪਣੇ ਡੇਰੇ ਵਿਚ ਕਰ ਲੈਂਦੇ ਹਨ ਤਾਂ ਕਿ ਭੋਲੇ ਭਾਲੇ ਸਿੱਖ ਸ਼ਰਧਾ ਵੱਸ ਇਨ੍ਹਾਂ ਦੇ ਚੁੰਗਲ ਵਿਚ ਛੇਤੀ ਫਸ ਜਾਣ।

ਕਈ ਡੰਮ੍ਹੀ ਗੁਰੂ, ਸੰਤ-ਮਹੰਤ ਵੇਖੇ ਹਨ ਕਿ ਉਹ 'ਵਾਹਿਗੁਰੂ' ਆਦਿ ਨਾਮ ਲਿਖ ਕੇ 'ਤਾਵੀਜ਼ਾਂ' ਵਿਚ ਮੜ੍ਹਾ ਕੇ ਦਿੰਦੇ ਜਾਂ ਪਾਣੀ ਵਿਚ ਪਾ ਕੇ ਚੂਸਣ ਵਾਸਤੇ ਆਖਦੇ ਹਨ। ਇਸ ਕਰਮ ਦੀ ਭੇਟਾ ਉਹ ਸਵਾ ਰੁਪਏ ਤੋਂ ਲੈ ਕੇ ਸੈਂਕੜਿਆਂ ਤਕ ਲੈਂਦੇ ਹਨ। ਉਕਤ ਕਰਮ ਦਾ ਫਲ ਲੜਕਿਆਂ ਦੀ ਦਾਤ, ਛਾਇਆ ਛੂਛ ਦੀ ਰੋਕਥਾਮ ਆਦਿਕ ਦੱਸ ਛੱਡਦੇ ਹਨ। ਗੁਰਬਾਣੀ ਵਿਚ ਐਸੇ ਦੰਭੀਆਂ ਵਾਸਤੇ ਹੀ ਲਿਖਿਆ ਗਿਆ ਹੈ :

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥**
**ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥**

*(ਸਾਰੰਗ ਕੀ ਵਾਰ, ਸਲੋਕ, ਮ:੧, ਪੰਨਾ ੧੨੪੫)*

ਕਈ ਐਸੇ ਭੀ ਵੇਖੇ ਹਨ ਜੋ ਜਨਾਨੀਆਂ ਨੂੰ ਆਪਣੀਆਂ ਚੇਲੀਆਂ ਬਣਾਉਣ ਵਾਸਤੇ ਧਾਗੇ-ਸੂਤ ਵੀ ਦਿੰਦੇ ਹਨ। ਸੋ ਇਹਨਾਂ ਪਾਖੰਡੀਆਂ ਪਾਸੋਂ ਮੰਤਰ, ਟੂਣੇ ਟਾਮਣ, ਤਾਵੀਜ਼ ਆਦਿ ਕਰਵਾ ਕੇ ਗੁਰਬਾਣੀ ਤੋਂ ਬੇਮੁਖ ਨਹੀਂ ਹੋਣਾ ਚਾਹੀਦਾ। ਇਹ ਪੁੱਤਰਾਂ ਦੀਆਂ ਦਾਤਾਂ ਨਹੀਂ ਦੇ ਸਕਦੇ। ਅਣਜਾਣ ਇਸਤਰੀਆਂ ਇਹਨਾਂ ਦੇ ਜਾਲ ਵਿਚ ਫਸ ਕੇ ਬਹੁਤ ਖੁਆਰ ਹੁੰਦੀਆਂ ਵੇਖੀਆਂ ਗਈਆਂ ਹਨ। ਇਹਨਾਂ ਠੱਗਾਂ ਤੋਂ ਲੋਕਾਂ ਨੂੰ ਖਬਰਦਾਰ ਕਰਨਾ ਚਾਹੀਦਾ ਹੈ।

# ਦੇਹਧਾਰੀ ਗੁਰੂ-ਡੰਮ੍ਹ ਦੀਆਂ ਤਿੰਨ ਪ੍ਰਮੁਖ ਗੱਦੀਆਂ

### ੧. ਰਾਧਾ ਸੁਆਮੀ ੨. ਨਕਲੀ ਨਿਰੰਕਾਰੀ ੩. ਨਾਮਧਾਰੀ (ਕੂਕਾ ਗੁਰੂ-ਡੰਮ੍ਹ)

## ਰਾਧਾ ਸੁਆਮੀ ਗੁਰੂ-ਡੰਮ੍ਹ

ਰਾਧਾ ਸੁਆਮੀ ਗੁਰੂ-ਡੰਮ੍ਹ ਦੇ ਬਾਨੀ ਸ੍ਰੀ ਸ਼ਿਵ ਦਿਆਲ ਸਿਹੁੰ ਆਗਰੇ ਦੇ ਖੱਤਰੀ ਸਨ। ਇਹ ਆਗਰੇ ਵਿਚ ਸਤਿਸੰਗ ਕਰਦੇ ਸਨ। ਇਹਨਾਂ ਦੇ ਸ਼ਰਧਾਲੂ ਆਪ ਨੂੰ '**ਸੁਆਮੀ**' ਦੀ ਪਦਵੀ ਨਾਲ ਸੰਬੋਧਨ ਕਰਦੇ ਹਨ। ਆਪ ਦੀ ਇਸਤਰੀ ਦਾ ਨਾਂ **ਰਾਧਾ** ਸੀ। ਸ੍ਰੀ ਸ਼ਿਵ ਦਿਆਲ ਦੇ ਉਤਰਅਧਿਕਾਰੀਆਂ ਨੇ ਰਾਧਾ ਸੁਆਮੀ ਗੁਰੂ ਡੰਮ੍ਹ ਚਲਾ ਲਿਆ।

ਇਸ ਮਤ ਵਿਚ ਸ਼ਖਸੀ ਗੁਰੂ ਦੀ ਪੂਜਾ, ਸ਼ਬਦ ਸੁਰਤ ਦਾ ਮਨੋਕਲਪਿਤ ਅਭਿਆਸ, ਤ੍ਰਿਕੁਟੀ, ਸੁੰਨ-ਗੁਫਾ ਤੇ ਦਸਮ ਦੁਆਰ ਵਿਚ ਸੁਰਤ ਚੜ੍ਹਾ ਕੇ ਅਨਹਦ ਸ਼ਬਦ ਸੁਣਨ ਤੇ ਕਲਪਤ ਰਾਧਾ ਸੁਆਮੀ ਧਾਮ ਤੀਕ ਪੁਜਣ ਦੀ ਯੋਗ ਮਤ ਵਾਂਗੂੰ ਸਿਖਿਆ ਦਿਤੀ ਜਾਂਦੀ ਹੈ। ਗੁਰੂ ਦੀ ਜੂਠ ਜਿਸ ਨੂੰ ਇਹ 'ਪ੍ਰਸਾਦੀ' ਕਹਿੰਦੇ ਹਨ, ਖਾਣ ਨੂੰ ਪੁੰਨ ਕਰਮ ਸਮਝਿਆ ਜਾਂਦਾ ਹੈ। ਇਹ ਮਾਸ, ਸ਼ਰਾਬ ਤਾਂ ਨਹੀਂ ਵਰਤਦੇ ਪਰ ਹੁੱਕਾ, ਬੀੜੀ, ਸਿਗਰੇਟ ਜੋ ਸਭ ਤੋਂ ਨਖਿਧ ਨਸ਼ਾ ਹੈ ਤੋਂ ਆਪਣੇ ਸ਼ਰਧਾਲੂਆਂ ਨੂੰ ਵਰਜਦੇ ਨਹੀਂ, ਕਿਉਂਕਿ ਐਸਾ ਕਰਨ ਕਰਕੇ ਹਿੰਦੂਆਂ ਦੀ ਬਹੁ ਗਿਣਤੀ ਇਸ ਮਤ ਤੋਂ ਬਾਗੀ ਹੋ ਸਕਦੀ ਹੈ।

'**ਸਾਰ ਬਚਨ**' ਇਸ ਮਤ ਦੀ ਪ੍ਰਸਿਧ ਪੁਸਤਕ ਹੈ। ਸ਼ਖਸੀ-ਪੂਜਾ ਤੇ ਗੁਰੂ-ਡੰਮ੍ਹ ਦੇ ਕਾਰਨ ਸੌ ਸਾਲ ਦੇ ਸਮੇਂ ਵਿਚ ਇਸ ਮਤ ਦੀਆਂ ਕਈ ਗਦੀਆਂ ਅਤੇ ਸ਼ਾਖਾਂ ਬਣ ਗਈਆਂ ਹਨ। ਇਸ ਮਤ ਦਾ ਇਕ ਕੇਂਦਰ ਆਗਰੇ ਵਿਚ ਹੈ। ਦੂਸਰੀ ਸ਼ਾਖ ਬਿਆਸ (ਪੰਜਾਬ) ਵਿਚ ਵੀ ਹੈ।

ਸਿੱਖ ਪਲਟਨ ਵਿਚੋਂ **ਬਾਬਾ ਜੈਮਲ ਸਿੰਘ** ਸੁਆਮੀ ਸ਼ਿਵ ਦਿਆਲ ਦੇ ਸੰਪਰਕ ਵਿਚ ਆਏ ਜੋ ਬਾਅਦ ਵਿਚ **ਬਿਆਸ** ਵਾਲੀ ਗੱਦੀ ਦੇ ਮੋਢੀ ਬਣੇ। ਦੂਸਰੇ ਆਗਰੇ ਦੇ, ਇਕ ਡਾਕਖਾਨੇ ਮਹਿਕਮੇ ਦੇ ਮੁਲਾਜ਼ਮ **ਰਾਇ ਬਹਾਦਰ ਸਾਲਗ ਰਾਮ** ਆਪ ਦੇ ਚੇਲੇ ਬਣੇ। ਇਹ ਹੀ ਅਸਲ ਵਿਚ 'ਰਾਧਾ ਸੁਆਮੀ' ਮਤ ਦੇ ਚਲਾਉਣ ਵਾਲੇ ਹਨ।

ਰਾਧਾ ਸੁਆਮੀ ਨਾਮ ਕੋਈ ਈਸ਼ਵਰ-ਵਾਦੀ ਨਾਮ ਨਹੀਂ; ਨਾ ਹੀ ਇਸ ਦੇ ਮਾਇਨੇ ਸ਼ਬਦ ਸੁਰਤ ਦੇ ਹਨ। ਇਹ ਸ਼ਿਵ ਦਿਆਲ ਸਿਹੁੰ 'ਸੁਆਮੀ' ਦੀ ਪਤਨੀ 'ਰਾਧਾ' ਦੇ ਨਾਮ ਤੇ ਚਲਿਆ ਮਤ ਹੈ, ਜਿਸ ਦੇ ਮਾਇਨੇ ਅਤੇ ਰੂਪ ਨੂੰ ਬਾਅਦ ਵਿਚ ਬਦਲਣ ਦਾ ਵਿਅਰਥ ਯਤਨ ਕੀਤਾ ਗਿਆ ਹੈ।

ਰਾਧਾ ਸੁਆਮੀਆਂ ਦੀ ਇਹ ਗੁੱਝੀ ਚਾਲ ਹੈ ਕਿ ਇਕ ਪਾਸੇ ਗੁਰਬਾਣੀ ਦੀ ਕੁਵਰਤੋਂ ਕਰ ਕੇ ਆਪਣਾ ਗੁਰੂ-ਡੰਮ੍ਹ ਚਲਾਉਣਾ ਤੇ ਦੂਸਰੇ ਪਾਸੇ ਗੁਰਬਾਣੀ ਦੀ ਸਚਾਈ ਨੂੰ ਜਾਣਦਿਆਂ ਬੁਝਦਿਆਂ ਹੋਇਆਂ ਪ੍ਰਗਟ ਨਾ ਕਰਨਾ। ਕੀ ਇਹਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਵਾਕਾਂ ਦਾ ਪਤਾ ਨਹੀਂ ?

**(੧) ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *(ਪੰਨਾ ੯੪੩)*

**(੨) ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ॥**

*(ਸੋਰਠਿ, ਮ: ੧, ਪੰਨਾ ੬੩੫)*

ਜਿਸ ਤਰ੍ਹਾਂ ਕਲਪਤ ਰਾਧਾ ਸੁਆਮੀ ਨਾਮ ਪੁਰ ਇਹ ਮਤ ਚਲਿਆ ਹੈ, ਇਸੇ ਪ੍ਰਕਾਰ ਜੋਗ ਮਤ ਦੀ ਨਕਲ ਕਰਕੇ, ਰਾਧਾ ਸੁਆਮੀ, ਪੰਜ ਨਾਮ, ਉਨ੍ਹਾਂ ਦੇ ਟਿਕਾਣੇ ਤੇ ਅੰਦਰ ਸ਼ਬਦ ਹੋਣੇ ਮੰਨਦੇ ਹਨ। ਉਹ ਪੰਜ ਨਾਮ ਇਹ ਹਨ:

੧. ਜੋਤਿ ਨਿਰੰਜਣ ੨. ਓਅੰਕਾਰ ੩. ਰਰੰਕਾਰ ੪. ਸੋਹੰ ੫. ਸਤਿਨਾਮ

ਰਾਧਾ ਸੁਆਮੀਆਂ ਨੇ **ਰਾਧਾ ਸੁਆਮੀ ਧਾਮ** ਤੀਕਰ ਪੁਜਣ ਲਈ ਇਕ ਬਹੁਤ ਲੁਭਾਣਾ ਰੂਹਾਨੀ **ਸਫਰ** ਦਾ ਨਕਸ਼ਾ ਖਿਚਿਆ ਹੈ। ਇਸ ਸਫਰ ਨੂੰ ਤੈਅ ਕਰਨ ਲਈ ਪਹਿਲੋਂ **ਆਲਤੀ** ਪਾਲਤੀ ਆਸਣ ਲਾਉਣਾ ਪੈਂਦਾ ਹੈ ਜਿਸ ਅਨੁਸਾਰ ਪੈਰਾਂ ਭਾਰ ਬੈਠਣਾ, ਉਂਗਲਾਂ ਨਾਲ ਕੰਨ ਬੰਦ ਕਰ ਲੈਣੇ ਅਤੇ ਦੋ ਉਂਗਲਾਂ ਬੰਦ ਕੀਤੀਆਂ ਹੋਈਆਂ ਅੱਖਾਂ ਪਰ ਰੱਖ ਲੈਣੀਆਂ। ਇਸ ਆਸਨ ਤੇ ਉਪਰੰਤ ਅੱਖਾਂ ਦੇ ਮੱਧ ਤ੍ਰਿਕੁਟੀ ਵਿਚ ਸੁਰਤ ਨੂੰ ਟਿਕਾਉਣਾ ਅਤੇ 'ਰਾਧਾ ਸੁਆਮੀ ਗੁਰੂ' ਦੇ ਸਰੀਰ ਜਾਂ ਫੋਟੋ ਦਾ ਧਿਆਨ ਕਰਨਾ ਅਤੇ ਨਾਮ ਨੂੰ ਰਟਨਾ ਮੁਖ ਸਾਧਨ ਹੈ। ਇਥੋਂ 'ਸਾਰ ਬਚਨ' ਦੇ ਕਥਨ ਅਨੁਸਾਰ ਰੂਹਾਨੀ ਸਫਰ ਦਾ ਆਰੰਭ ਹੁੰਦਾ ਹੈ।

ਇਸ ਸਫਰ ਵਿਚ ਯੋਜਨਾ ਦੀ ਗਿਣਤੀ ਮਿਣਤੀ ਕਿਸੇ ਹਿਸਾਬੀ ਕਿਤਾਬੀ ਦਾ ਕੰਮ ਹੈ, ਕਿਉਂਕਿ ਕਿਧਰੇ ਲਿਖਿਆ ਹੈ, ਪਹਿਲਾਂ ਰੂਹ ਪੰਜ ਅਰਬ ਪਝੰਤਰ ਕਰੋੜ ਯੋਜਨ ਉਤਾਹਾਂ ਗਈ। ਫਿਰ ਖਰਬ ਯੋਜਨ ਡੂੰਘਾਈ ਵਿਚ ਚਲੀ ਗਈ, ਉਥੇ ਜਾ ਕੇ ਉਤਾਂਹ ਪਰਤ ਆਈ। ਇਹ ਨਿਰੋਲ ਗਧੀ ਗੇੜ ਵਿਚ ਪੈਣ ਵਾਲੀ ਗੱਲ ਹੀ ਹੈ, ਪਰ ਅਸਲੀਅਤ ਕੁਝ ਵੀ ਨਹੀਂ।

ਰੂਹਾਨੀ ਸਫਰ ਦੀਆਂ ਝਾਕੀਆਂ ਤੋਂ ਬਿਨਾਂ ਰਾਧਾ ਸੁਆਮੀ ਜੋਗਮਤ ਦੇ ਦਸੇ ਹੋਏ **ਛੇ** ਚੱਕਰਾਂ ਵਿਚੋਂ ਵੀ ਸੁਰਤ ਨੂੰ ਘੁਮਾਉਂਦੇ ਹਨ। ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕਿਵੇਂ ਜੋਗ ਮਤ ਦੀ ਨਕਲ ਕਰਕੇ ਇਨ੍ਹਾਂ ਨੇ ਭੋਲੇ ਭਾਲੇ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਉਣ ਦਾ ਯਤਨ ਕੀਤਾ ਹੈ।

ਰਾਧਾ ਸੁਆਮੀ ਜੋ ਨਾਮ ਦਿੰਦੇ ਹਨ ਉਸ ਨੂੰ ਗੁਪਤ ਗੁੰਝਲਦਾਰ ਤੇ ਜਲੇਬੀਦਾਰ ਬਿਆਨ ਕਰਦੇ ਹਨ ਕਿ ਕਿਸੇ ਨੂੰ ਦਸਣਾ ਨਹੀਂ, ਪਰ ਸਿੱਖੀ ਵਿਚ ਪਰਮਾਤਮਾ ਦੇ ਨਾਮ ਨੂੰ ਗੁਪਤ ਨਹੀਂ ਮੰਨਿਆ ਗਿਆ। ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਗੁਰਮੰਤਰ ਦਾ ਅਧਿਕਾਰ ਦੇ ਕੇ ਸਪਸ਼ਟ ਕਰ ਦਿੱਤਾ ਹੈ ਕਿ ਨਾਮ ਕੋਈ ਗੁਪਤ ਨਹੀਂ।

ਰਾਧਾ ਸੁਆਮੀ **ਵਕਤ-ਗੁਰੂ** ਤੇ **ਬੇ-ਵਕਤ** ਗੁਰੂ ਵੀ ਮੰਨਦੇ ਹਨ। ਸਾਰਬਚਨ ਵਿਚ ਇਹ ਲਿਖਿਆ ਹੈ :

*ਪਿਛਲੋਂ ਕੀ ਤਜ ਟੇਕ, ਤੇਰੇ ਭਲੇ ਕੀ ਕਹੂੰ॥*

*ਵਕਤ ਗੁਰੂ ਕੋ ਮਾਨ, ਤੇਰੇ ਭਲੇ ਕੀ ਕਹੂੰ॥*

ਇਸ ਅਨੁਸਾਰ ਜੇ ਬੀਤ ਚੁਕਿਆਂ ਦੀ ਟੇਕ ਨਹੀਂ ਰੱਖਣੀ ਤੇ ਵਕਤ ਗੁਰੂ ਨੂੰ ਹੀ ਮੰਨਣਾ ਹੈ ਤਾਂ ਰਾਧਾ ਸੁਆਮੀਆਂ ਦੇ ਪਿਛਲੇ ਸਾਰੇ ਗੁਰੂਆਂ ਦੀ ਕੋਈ ਮਹਾਨਤਾ ਨਹੀਂ ਰਹਿੰਦੀ। ਤਾਂ ਫਿਰ ਆਗਰੇ ਵਿਚ ਸ਼ਿਵ ਦਿਆਲ ਸਿੰਘ ਦੀ ਸਮਾਧੀ ਇਕ ਸੌ ਸਾਲ ਤੋਂ ਉਪਰ ਸਮੇਂ ਤੋਂ ਬਣ ਰਹੀ ਹੈ। ਦੱਸੋ ਮਰ ਚੁਕੇ ਬੇ ਵਕਤ-ਗੁਰੂ ਦੀ ਸਮਾਧੀ ਬਣਾਉਣ ਅਤੇ ਉਹਨਾਂ ਦੀਆਂ ਤਸਵੀਰਾਂ ਛਾਪਣ ਦਾ ਕੀ ਫਾਇਦਾ ਜੇ ਵਕਤ ਗੁਰੂ ਨੂੰ ਹੀ ਮੰਨਣਾ ਹੈ ?

ਜੇ ਰਾਧਾ ਸੁਆਮੀਆਂ ਪਾਸੋਂ ਸੁਆਮੀ ਸ਼ਿਵ ਦਿਆਲ ਦੇ ਵਕਤ ਗੁਰੂ ਦਾ ਨਾਮ ਪੁਛੀਏ ਤਾਂ ਕਹਿੰਦੇ ਹਨ :

*"ਉਨ ਕਾ ਗੁਰੂ ਨਾਦ ਥਾ। ਉਨ੍ਹੋਂ ਨੇ ਔਰ ਕਿਸੀ ਸੇ ਉਪਦੇਸ਼ ਨਹੀਂ ਲੀਆ।"*

ਇਸ ਤੋਂ ਸਿੱਧ ਹੁੰਦਾ ਹੈ ਕਿ ਵਕਤ-ਗੁਰੂ ਦੀ ਕੋਈ ਜ਼ਰੂਰਤ ਤੇ ਮਹਾਨਤਾ ਨਹੀਂ। ਜੇ ਸ਼ਿਵ ਦਿਆਲ ਦਾ ਗੁਰੂ 'ਨਾਦ' ਹੋ ਸਕਦਾ ਹੈ ਤਾਂ ਬਾਕੀ ਲੋਕਾਂ ਦਾ ਗੁਰੂ ਸ਼ਬਦ ਕਿਉਂ ਨਹੀਂ ਹੋ ਸਕਦਾ ?

ਸਾਰ ਬਚਨ ਛੋਟੀ ਵਿਚ ਲਿਖਿਆ ਹੈ :

"ਗਰੰਥ ਗੁਰੂ ਨਹੀਂ ਹੋ ਸਕਤਾ, ਵੋਹ ਤੋ ਜੜ੍ਹ ਹੈ, ਖੁਦ ਬੋਲਤਾ ਨਹੀਂ ਔਰ ਨਾ ਉਪਦੇਸ਼ ਕਰ ਸਕਤਾ ਹੈ।"

ਇਸ ਦੇ ਉਲਟ ਰਾਧਾ ਸੁਆਮੀ ਮਤ ਦੇ ਦੂਜੇ ਗੁਰੂ 'ਰਾਇ ਬਹਾਦਰ ਸਾਲਗ ਰਾਮ' ਲਿਖਦੇ ਹਨ :

"ਕੁਲ ਮਾਲਕ ਦਾ ਸਰੂਪ ਸ਼ਬਦ ਹੈ। ਸਤਿਨਾਮ ਪਾਰਬ੍ਰਹਮ ਆਤਮਾ ਪ੍ਰਮਾਤਮਾ ਕੁਲ ਜੀਵ ਭੀ ਸ਼ਬਦ ਸਰੂਪ ਹੈ। ਬਗ਼ੈਰ ਸ਼ਬਦ ਦੀ ਉਪਾਸਨਾ ਔਰ ਕੋਈ ਧਿਆਨ ਨਿਜ ਘਰ ਮੇਂ ਨਹੀਂ ਪਹੁੰਚਾ ਸਕਤਾ। ਕੁਲ ਜੀਵੋਂ ਕੋ ਜੋ ਅਪਨਾ ਉਧਾਰ ਚਾਹਤੇ ਹੈਂ, ਲਾਜ਼ਮੀ ਹੈ ਕਿ ਅੰਤਰ ਮੇਂ ਸ਼ਬਦ ਗੁਰੂ ਕੇ ਚਰਨੋਂ ਮੇਂ ਲਗੋਂ।'

*(ਪਰੇਮ ਪੱਤਰ, ਸਫਾ ੧੪, ਜਿਲਦ ੪, ਬਚਨ ੨)*

ਇਹ ਰਾਧਾ ਸੁਆਮੀਆਂ ਦੀਆਂ ਆਪਾ ਵਿਰੋਧੀ ਗਲਾਂ ਹਨ। ਇਕ ਪਾਸੇ ਕਹਿੰਦੇ ਹਨ ਕਿ ਸ਼ਿਵ ਦਿਆਲ ਦਾ ਨਾਦ ਗੁਰੂ ਸੀ ਤੇ ਦੂਜੇ ਪਾਸੇ ਕਹਿੰਦੇ ਹਨ, ਗਰੰਥ ਗੁਰੂ ਨਹੀਂ ਹੋ ਸਕਦਾ, ਜੋ ਸ਼ਬਦ ਅਤੇ ਆਤਮਿਕ ਗਿਆਨ ਦਾ ਸੰਗ੍ਰਹਿ ਹੈ। ਤੀਸਰੀ ਥਾਂ ਵਕਤ-ਗੁਰੂ ਦੀ ਡੁਗੀ ਪਿੱਟਦੇ ਹਨ। ਚੋਥੀ ਥਾਂ ਬੇਵਕਤ-ਗੁਰੂਆਂ ਅਰਥਾਤ ਪਹਿਲੇ ਗੁਰੂਆਂ ਦੀਆਂ ਮੜ੍ਹੀਆਂ ਬਣਾਈ ਜਾਂਦੇ ਹਨ। ਅਸਲ ਵਿਚ ਇਹ ਆਪ ਭੰਬਲ ਭੂਸੇ ਵਿਚ ਫਸੇ ਹੋਏ ਹਨ ਕਿ ਗੁਰੂ ਕੌਣ ਹੈ ?

ਸ਼ਖਸੀ-ਪੂਜਾ ਤੇ ਗੁਰੂ ਡੰਮ੍ਹ ਦੇ ਕਾਰਨ ਰਾਧਾ ਸੁਆਮੀਆਂ ਵਿਚ ਕਈ ਗੱਦੀਆਂ ਕਾਇਮ ਹੋ ਗਈਆਂ ਹਨ। ਉਨ੍ਹਾਂ ਵਿਚਕਾਰ ਪੂਜਾ-ਭੇਟ ਤੇ ਜਾਇਦਾਦ ਲਈ ਬੜੀ ਮੁਕੱਦਮੇਬਾਜ਼ੀ ਹੋਈ ਹੈ। ਦਿਆਲ ਬਾਗ਼, ਸੁਆਮੀ ਬਾਗ਼ ਤੇ ਅਲਾਹਾਬਾਦ ਦੇ ਗੁਰੂਆਂ ਵਿਚਕਾਰ ਕਈ ਮੁਕੱਦਮੇ ਹੋ ਚੁਕੇ ਹਨ। ਇਹ ਮੁਕੱਦਮੇ-ਬਾਜ਼ੀ ਲੰਡਨ ਦੀ ਪ੍ਰੀਵੀ ਕੌਂਸਲ ਤੀਕ ਗਈ ਹੈ।

ਅਖੀਰ ਵਿਚ ਇਕ ਗਲ ਦੱਸਣੀ ਚਾਹੁੰਦੇ ਹਾਂ ਕਿ ਰਾਧਾ ਸੁਆਮੀ ਕਈ ਕਿਸਮ ਦੇ ਗੁਰੂ ਮੰਨਦੇ ਹਨ। ਸ੍ਰੀ ਸ਼ਿਵ ਦਿਆਲ ਨੂੰ ਸੰਤ ਸਤਿਗੁਰੂ, ਕੁਲ ਮਾਲਕ, ਰਾਧਾ ਸੁਆਮੀ ਦਾ ਅਵਤਾਰ ਮੰਨਦੇ ਹਨ। ਉਸ ਤੋਂ ਪਿਛੋਂ ਕਿਸੇ ਨੂੰ ਸਾਧ ਗੁਰੂ, ਕਿਸੇ ਨੂੰ ਗੁਰਮੁਖ ਗੁਰੂ, ਕਿਸੇ ਨੂੰ ਵਕਤ ਗੁਰੂ ਤੇ ਹੋ ਚੁਕੇ ਗੁਰੂਆਂ ਨੂੰ ਬੇ-ਵਕਤ ਗੁਰੂ ਦਸਦੇ ਹਨ।

ਰਾਧਾ ਸੁਆਮੀਆਂ ਦੀ ਜੋ ਬਿਆਸ ਵਾਲੀ ਗੱਦੀ ਚਲ ਰਹੀ ਹੈ ਇਹ ਬਾਬਾ ਜੈਮਲ ਸਿੰਘ ਨੇ ਚਲਾਈ ਸੀ। ਫੌਜ ਤੋਂ ਰੀਟਾਇਰ ਹੋ ਕੇ ੧੮੯੧ ਵਿਚ ਦਰਿਆ ਬਿਆਸ ਦੇ ਕੰਢੇ ਪਿੰਡ ਵੜੈਚ ਤੇ ਬਲ ਸਰਾਂ ਦੇ ਲਾਗੇ ਆ ਟਿਕੇ। ਬਲ ਸਰਾਂ ਦੇ ਸਿਖਾਂ ਨੇ ਬਾਬਾ ਜੈਮਲ ਸਿੰਘ

ਨੂੰ ਸਿੱਖ ਸਾਧੂ ਸਮਝ ਕੇ ਪਿੰਡ ਦੀ ਸਾਂਝੀ ਜ਼ਮੀਨ ਵਿਚੋਂ ਧਰਮਸਾਲਾ ਬਣਾਉਣ ਲਈ ਗਿਆਰਾਂ ਕਨਾਲ ਸੋਲਾਂ ਮਰਲੇ ਜ਼ਮੀਨ ਦਿਤੀ, ਜਿਸ ਦੀ ਰਜਿਸਟਰੀ ਨੰਬਰ ੨੫੪ ਮਿਤੀ ੧੪ ਜੂਨ ੧੮੯੭ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਮ ਹੋਈ। ਉਸ ਵਿਚ ਲਿਖਿਆ ਹੈ :

''ਗੁਰੂ ਗ੍ਰੰਥ ਸਾਹਿਬ ਵਾਕਿਆ ਧਰਮਸਾਲਾ ਮੁਤੰਜ਼ਿਮ ਬਾਇਹਤਮਾਮ ਜੈਮਲ ਸਿੰਘ ਸਾਧ ਜੱਟ।''

ਇੰਤਕਾਲ ਦੀ ਤਸਦੀਕ ਵਿਚ ਦਰਜ ਹੈ :

''ਭਾਈ ਜੈਮਲ ਸਿੰਘ ਨੂੰ ਇਹ ਜ਼ਮੀਨ ਰਹਿਨ ਜਾਂ ਬੈਅ ਕਰਨ ਦਾ ਹੱਕ ਹਾਸਲ ਨਹੀਂ ਹੈ। ਆਮ ਧਰਮਸਾਲਾ ਮੁਤੱਲਕਾ ਰਹੇਗੀ।''

ਬਲ ਸਰਾਂ ਪਿੰਡ ਦੇ ਜਿਨ੍ਹਾਂ ਮੁਖੀਆਂ ਨੇ ਇਹ ਜ਼ਮੀਨ ਗੁਰੂ ਗ੍ਰੰਥ ਸਾਹਿਬ ਦੇ ਨਾਮ ਰਜਿਸਟਰੀ ਕੀਤੀ, ਉਨ੍ਹਾਂ ਦੇ ਨਾਮ ਸਨ ਲਾਲੂ ਨੰਬਰਦਾਰ, ਮਤਾਬ ਸਿੰਘ, ਭਾਨ ਸਿੰਘ, ਬੂੜ ਸਿੰਘ, ਸ਼ੇਰ ਸਿੰਘ ਤੇ ਗੁਰਦਿੱਤ ਸਿੰਘ।

ਬਾਬਾ ਜੈਮਲ ਸਿੰਘ ਦਾ ੧੯੦੩ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਥਾਂ ਬਾਬੂ ਸਾਵਣ ਸਿੰਘ ਜਾਨਸ਼ੀਨ ਬਣੇ। ੧੦ ਮਈ ੧੯੦੫ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਧਰਮਸਾਲਾ ਦੀ ਹੋਈ ਰਜਿਸਟਰੀ ਦਾ ਇੰਤਕਾਲ ਨੰਬਰ ੫੩੬ ਹੋਇਆ। ਉਸ ਵਿਚ ਦਰਜ ਹੈ ਕਿ 'ਸਾਵਣ ਸਿੰਘ ਚੇਲਾ ਜੈਮਲ ਸਿੰਘ ਬ੍ਰਾਏ ਮੋਹਤਮਿਮ'। ਡੇਰੇ ਵਾਲੀ ਅਸਲ ਥਾਂ ਗੁਰੂ ਗ੍ਰੰਥ ਸਾਹਿਬ ਦੇ ਨਾਮ ਹੀ ਰਹੀ।

ਬਾਬੂ ਸਾਵਣ ਸਿੰਘ ਨੇ ਗੁਰਬਾਣੀ ਦੇ ਸ਼ਬਦ ਇਕੱਤਰ ਕਰਕੇ 'ਗੁਰਮਤਿ ਸਿਧਾਂਤ ਨਾਮ' ਦੀ ਇਕ ਪੋਥੀ ਛਪਵਾਈ। ਜਿਸ ਵਿਚ, ਕਿਧਰੇ ਕਿਧਰੇ ਜ਼ਿੰਦਾ ਗੁਰੂ ਤੇ ਗੁਰਮਤਿ ਤੋਂ ਉਲਟ ਵੀ ਵਾਕ ਦਰਜ ਹਨ।

ਜਿਵੇਂ ਕਿ ਪੰਨਾ ੬੬ ਤੇ ਦਰਜ ਹੈ :

''ਗ੍ਰੰਥ ਪੋਥੀਆਂ ਸਾਨੂੰ ਸਤਿ ਦੀ ਛੋਹ ਨਹੀਂ ਦੇ ਸਕਦੀਆਂ।''

ਕੇਹੀ ਬੇ-ਦਲੀਲ ਆਪਾ ਵਿਰੋਧੀ ਗਲ ਲਿਖੀ ਹੈ। ਇਕ ਪਾਸੇ 'ਗੁਰਮਤਿ ਸਿਧਾਂਤ', 'ਪ੍ਰੇਮ ਪੱਤਰ' ਤੇ 'ਸਾਰ ਬਚਨ' ਤੇ ਹੋਰ ਪੋਥੀਆਂ ਛਾਪ ਕੇ ਲੋਕਾਂ ਨੂੰ ਦਿੰਦੇ ਤੇ ਉਨ੍ਹਾਂ ਦੀ ਕਥਾ ਸੁਣਾਉਂਦੇ ਹਨ। ਜੇ ਗ੍ਰੰਥਾਂ ਤੋਂ ਸਤਿ ਦੀ ਛੋਹ ਪ੍ਰਾਪਤ ਨਹੀਂ ਹੋ ਸਕਦੀ ਤਾਂ ਫਿਰ ਉਨ੍ਹਾਂ ਦੇ ਛਾਪਣ ਤੇ ਕਥਾ ਕਰਨ ਦਾ ਕੀ ਲਾਭ ਹੈ ?

ਕਈ ਕਹਿੰਦੇ ਹਨ, ਰਾਧਾ ਸੁਆਮੀ ਤਾਂ ਸਤਿਸੰਗ ਵੇਲੇ ਗੁਰਬਾਣੀ ਦੀ ਵਰਤੋਂ ਹੀ ਕਰਦੇ ਹਨ। ਇਹ ਯਾਦ ਰੱਖਣ ਦੀ ਲੋੜ ਹੈ ਕਿ ਰਾਧਾ ਸੁਆਮੀ ਗੁਰਬਾਣੀ ਨੂੰ ਗੁਰਮਤਿ ਦਰਸਾਉਣ ਲਈ ਨਹੀਂ ਪੜ੍ਹਦੇ ਬਲਕਿ ਆਪਣੇ ਗੁਰੂ-ਡੰਮ੍ਹ ਦੇ ਪ੍ਰਚਾਰ ਹਿਤ ਵਰਤਦੇ ਹਨ। ਅਨੁਭਵ ਤੇ ਆਤਮ ਗਿਆਨ ਸਤਿਗੁਰੂਆਂ ਅਤੇ ਭਗਤਾਂ ਦਾ ਬਿਆਨ ਕਰਕੇ ਪਿਛੋਂ ਇਹ ਕਹਿਣਾ ਕਿ ਸਾਨੂੰ ਗੁਰੂ ਮੰਨੋ, ਆਪਾ ਵਿਰੋਧੀ ਅਤੇ ਹਾਸੇ-ਹੀਣੀ ਗਲ ਹੈ।

ਸੰਨ ੧੯੪੭ ਵਿਚ ਬਾਬੂ ਸਾਵਣ ਸਿੰਘ ਨੇ ਕਈ ਸਾਥੀਆਂ ਨੂੰ ਕਿਹਾ ਕੇ ਮੇਰੇ ਉਤਰ-ਅਧਿਕਾਰੀ ਸੰਤ ਕ੍ਰਿਪਾਲ ਸਿੰਘ ਹੋਣਗੇ। ਪਰ ਉਹ ਨਹੀਂ ਬਣ ਸਕੇ। ੧੯੪੮ ਵਿਚ ਬਾਬੂ ਜੀ ਦਾ ਦੇਹਾਂਤ ਹੋ ਗਿਆ। ਬਾਬੂ ਜੀ ਦੇ ਪੋਤਰੇ ਸ੍ਰ. ਚਰਨ ਸਿੰਘ ਨੇ ਬਿਆਸ ਵਾਲੇ ਰਾਧਾ ਸੁਆਮੀਆਂ

ਨਾਲ ਗੰਢ-ਤੁਪ ਕਰ ਕੇ ਸਰਦਾਰ ਬਹਾਦਰ ਜਗਤ ਸਿੰਘ ਨੂੰ ਗੁਰੂ ਬਣਾਇਆ। ਸੰਨ ੧੯੫੧ ਵਿਚ ਉਹਨਾਂ ਦਾ ਦਿਹਾਂਤ ਹੋਣ ਪਿਛੋਂ ਸ: ਚਰਨ ਸਿੰਘ ਗੁਰੂ ਬਣ ਗਏ। ਉਨ੍ਹਾਂ ਵਿਰੁਧ ਸੰਨ ੧੯੫੪ ਵਿਚ ਪਿੰਡ ਬਲ ਸਰਾਂ ਦੇ ਸਾਧੂ ਸਿੰਘ, ਤੇਜਾ ਸਿੰਘ, ਦਰਸ਼ਨ ਸਿੰਘ ਅਤੇ ਗੁਰਦਾਸ ਮੱਲ ਨੇ ਸੀਨੀਅਰ ਸਬ ਜੱਜ ਅੰਮ੍ਰਿਤਸਰ ਦੀ ਅਦਾਲਤ ਵਿਚ ਇਕ ਕੇਸ ਦਾਇਰ ਕੀਤਾ ਕਿ ਡੇਰਾ ਬਾਬਾ ਜੈਮਲ ਸਿੰਘ ਦੀ ੧੧ ਕਨਾਲ ੧੬ ਮਰਲੇ ਜ਼ਮੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਰਜਿਸਟਰੀ ਹੈ, ਉਥੇ ਪੁਰਾਤਨ ਮਰਯਾਦਾ ਕਾਇਮ ਰੱਖੀ ਜਾਵੇ। ੨੪ ਜੂਨ ੧੯੫੪ ਨੂੰ ਸ੍ਰ: ਚਰਨ ਸਿੰਘ ਨੇ ਜਵਾਬੀ ਦਾਹਵੇ ਵਿਚ ਕਿਹਾ :-

"ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਇੰਸ਼ਟ ਨਹੀਂ ਮੰਨਦੇ। ਇਹ ਥਾਂ ਸਾਡੀ ਨਿਜੀ ਜਾਇਦਾਦ ਹੈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁਕ ਦਿੱਤੀ ਗਈ ਹੈ।"

ਸ. ਤੇਜਾ ਸਿੰਘ ਤੇ ਸਾਧੂ ਸਿੰਘ ਦੇ ਕੇਸ ਦਾ ਫੈਸਲਾ ਹਾਈ ਕੋਰਟ ਵਿਚੋਂ ਉਨ੍ਹਾਂ ਦੇ ਹੱਕ ਵਿਚ ਹੋਇਆ।

੧੯੫੭ ਵਿਚ ਸ੍ਰ. ਚਰਨ ਸਿੰਘ ਨੇ ੩੦ ਏਕੜ ਜ਼ਮੀਨ ਦਾ ਕਾਨੂੰਨ ਲਾਗੂ ਹੋਣ ਪਰ 'ਰਾਧਾ ਸੁਆਮੀ ਸਤਿਸੰਗ ਬਿਆਸ' ਸੁਸਾਇਟੀ ਬਣਾਈ ਅਤੇ ਉਸ ਦੀ ਵੀਟੋ ਪਾਵਰ ਆਪਣੇ ਹੱਥ ਵਿਚ ਰੱਖੀ। ਸ੍ਰ. ਚਰਨ ਸਿੰਘ ਕਹਿੰਦੇ ਹਨ ਕਿ ਮੈਂ ਜਾਇਦਾਦ ਦਾ ਵਾਹਦ ਮਾਲਕ ਹਾਂ। ਉਹ ਬਾਬੂ ਸਾਵਣ ਸਿੰਘ ਵਾਂਗ ਸਿੱਖ ਰੂਪ ਵਿਚ ਹੋਣ ਕਰਕੇ, ਭੋਲੇ ਭਾਲੇ ਸਿੱਖਾਂ ਨੂੰ ਗੁਰਬਾਣੀ ਦੀ ਆੜ ਵਿਚ ਫਸਾ ਕੇ ਆਪਣਾ ਗੁਰੂ-ਡੰਮ੍ਹ ਚਲਾ ਰਹੇ ਹਨ।

ਡੇਰੇ ਦਾ ਪ੍ਰਬੰਧ ਨਵੀਨ ਤੇ ਸੁਧਰੇ ਹੋਏ ਤਰੀਕੇ ਦਾ ਹੋਣ ਕਾਰਨ ਚਾਹ, ਰੋਟੀ ਆਦਿ ਸਸਤੀ ਛਕਾ ਕੇ, ਸੇਵਾਦਾਰਾਂ ਦੀ ਭਰਮਾਰ, ਆਏ ਗਏ ਤੇ ਪ੍ਰਭਾਵ ਪਾ ਕੇ ਲੋਕਾਂ ਨੂੰ ਆਪਣੇ ਮੱਤ ਵਿਚ ਦਾਖਲ ਕਰ ਰਹੇ ਹਨ। ਦੂਸਰੇ ਪਾਸੇ ਸਾਡੀਆਂ ਮੁਖੀ ਜਥੇਬੰਦੀਆਂ ਸਿੱਖ ਮੱਤ ਦੇ ਪ੍ਰਚਾਰ ਵਲੋਂ ਅਵੇਸਲੇ ਹੋ ਕੇ ਸਿਆਸਤ ਦੀ ਡੂੰਘੀ ਖੱਡ ਵਿਚ ਡਿੱਗ ਕੇ, ਲੋਕਾਂ ਤੇ ਆਪਣਾ ਗਲਤ ਪ੍ਰਭਾਵ ਪਾਈ ਜਾ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਸਿੱਖ ਮਤ ਦੀ ਸੋਝੀ ਨਾ ਹੋਣ ਕਾਰਨ, ਇਹਨਾਂ ਦੇਹਧਾਰੀ ਗੁਰੂ-ਡੰਮ੍ਹ ਦੇ ਡੇਰਿਆਂ ਦੀ ਬਾਹਰਮੁਖੀ ਚਮਕ ਦਮਕ, ਆਪਣੇ ਵੱਲ ਖਿਚਣ ਵਿਚ ਤੇਜ਼ੀ ਨਾਲ ਕਾਮਯਾਬ ਹੋ ਰਹੀ ਹੈ। ਲੋੜ ਹੈ ਵੇਲਾ ਸੰਭਾਲਣ ਦੀ। ਸਿੱਖੀ ਦੀ ਸਚਾਈ ਨੂੰ ਪਰਗਟ ਕਰਕੇ ਦੇਹਧਾਰੀ ਗੁਰੂ-ਡੰਮ੍ਹ ਦੀ ਅਸਲੀਅਤ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਦੀ ਤਾਂ ਕਿ ਗੁਰਬਾਣੀ ਚੁਰਾ ਕੇ ਗੁਰੂ ਬਣਨ ਵਾਲਿਆਂ ਦੇ ਜਾਲ ਵਿਚ ਫਸਣ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

## ਨਕਲੀ ਨਿਰੰਕਾਰੀ

ਨਿਰੰਕਾਰੀ ਲਹਿਰ ਇਕ ਸਿੱਖ ਸੁਧਾਰਕ ਲਹਿਰ ਸੀ, ਜੋ ਉਨ੍ਹੀਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਆਰੰਭ ਹੋਈ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦਾ ਸੀ। ਰਾਜ ਤਾਂ ਉਸ ਵੇਲੇ ਭਾਵੇਂ ਸਿੱਖਾਂ ਦਾ ਸੀ, ਪਰ ਸਿੱਖ, ਰਹੁ-ਰੀਤੀ ਵਿਚ ਇਤਨੇ ਪੱਕੇ ਨਹੀਂ ਸਨ ਰਹੇ ਅਤੇ ਪੁਰਾਣੇ ਸਨਾਤਨ ਧਰਮ ਦੀ ਮਰਯਾਦਾ, ਦੇਵੀ ਦੇਵਤਿਆਂ ਦੀ ਆਰਾਧਨਾ, ਅਸ਼ਟ-ਭੁਜੀ ਦੇਵੀ ਦੁਰਗਾ ਅਤੇ ਭਗਉਤੀ ਦੀਆਂ ਮੂਰਤੀਆਂ ਦੀ ਪੂਜਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ ਜਿਹੇ ਮਹਾਨ ਧਰਮ ਅਸਥਾਨਾਂ ਦੀਆਂ ਪ੍ਰਕਰਮਾਂ ਵਿਚ ਆ ਗਈ ਸੀ। ਗੁਰਬਾਣੀ ਦਾ

ਪਾਠ ਬਹੁਤਾ ਸੰਸਕ੍ਰਿਤ ਦੇ ਮੰਤਰਾਂ ਵਾਂਗ ਹੀ ਹੋ ਗਿਆ ਸੀ। ਜੰਮਣ, ਮਰਣ, ਵਿਆਹ ਸ਼ਾਦੀ ਵੇਲੇ ਪੰਡਤ ਪ੍ਰਧਾਨ ਹੋ ਗਏ ਸਨ। ਅਜਿਹੇ ਸਮੇਂ ਗੁਰਬਾਣੀ ਦਾ ਚਾਨਣ ਕਰਕੇ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ **ਬਾਬਾ ਦਿਆਲ ਜੀ** ਨੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਅਨੁਸਾਰ ਗੁਰਮਤਿ ਦਾ ਪ੍ਰਚਾਰ ਕਰਨਾ ਆਰੰਭ ਕੀਤਾ। ਭਾਵੇਂ ਗਰੰਥੀਆਂ, ਭਾਈਆਂ, ਗੁਰੂ ਅੰਸ਼ ਸਾਹਿਬਜ਼ਾਦਿਆਂ, ਬੇਦੀਆਂ, ਸੋਢੀਆਂ ਅਤੇ ਬ੍ਰਾਹਮਣਾਂ ਵਲੋਂ ਆਪ ਦਾ ਬਹੁਤ ਵਿਰੋਧ ਕੀਤਾ ਗਿਆ, ਪਰ ਆਪ ਆਪਣੀ ਧੁਨ ਵਿਚ ਪੱਕੇ ਰਹੇ ਅਤੇ ਨਿਡਰ ਹੋ ਕੇ ਪ੍ਰਚਾਰ ਕਰਦੇ ਰਹੇ। ਅੰਤ ਆਪ ਦੀ ਲਗਨ ਅਤੇ ਸੇਵਾ ਬਰ ਆਈ ਅਤੇ ਨਿਰੋਲ ਸਿੱਖੀ ਦੇ ਪ੍ਰਚਾਰ ਦੀ ਲਹਿਰ ਚਲ ਪਈ।

ਪਰ ਜਿਸ ਤਰ੍ਹਾਂ ਅਸਲੀ ਘਿਉ ਦੀ ਥਾਂ ਬਨਸਪਤੀ ਵਿਕਦਾ ਹੈ, ਨਕਲੀ ਕੇਸਰ, ਕਸਤੂਰੀ, ਮੋਤੀ ਸ਼ਿਲਾਜੀਤ ਆਦਿਕ ਕਈ ਚੀਜ਼ਾਂ ਮਾਰਕੀਟ ਵਿਚ ਵਿਕਦੀਆਂ ਹਨ, ਇਸੇ ਤਰ੍ਹਾਂ ਦਿੱਲੀ ਵਿਚ ਇਕ ਨਕਲੀ ਨਿਰੰਕਾਰੀ ਮੰਡਲ ਵੀ ਚਲਿਆ ਹੈ ਜਿਸ ਦਾ ਬਾਨੀ ਪਿੰਡ ਅਧਵਾਲ ਜ਼ਿਲਾ ਕੈਂਬਲਪੁਰ ਪੱਛਮੀ ਪਾਕਿਸਤਾਨ ਦਾ ਇਕ ਸ਼ਰਾਬੀ ਕਬਾਬੀ **ਭਾਈ ਬੂਟਾ ਸਿੰਘ** ਦਸਿਆ ਜਾਂਦਾ ਹੈ। ਉਸਨੂੰ ਘੋਰ ਸ਼ਰਾਬੀ ਹੋਣ ਕਰਕੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚੋਂ ਖਾਰਜ ਕੀਤਾ ਗਿਆ ਸੀ। ਉਸ ਨੇ ਪਿਸ਼ੌਰ ਜਾ ਕੇ ਅਵਤਾਰ ਸਿੰਘ ਨਾਲ ਨਕਲੀ ਨਿਰੰਕਾਰੀ ਜੁੰਡਲੀ ਬਣਾਉਣ ਦੀ ਕੋਸ਼ਿਸ਼ ਕੀਤੀ। ਅਵਤਾਰ ਸਿੰਘ ਉਨ੍ਹਾਂ ਦਿਨਾਂ ਵਿਚ ਪਿਸ਼ੌਰ ਵਿਚ ਡਬਲ ਰੋਟੀਆਂ ਅਤੇ ਕੁਲਚੇ ਤਿਆਰ ਕਰਨ ਦੀ ਦੁਕਾਨ ਕਰਦਾ ਸੀ। ਪਿਸ਼ੌਰ, ਰਾਵਲਪਿੰਡੀ ਤੇ ਪੋਠੋਹਾਰ ਵਿਚ ਗੁਰਸਿਖੀ ਦਾ ਬਹੁਤ ਪ੍ਰਚਾਰ ਸੀ। ਇਸ ਲਈ ਉਥੇ ਭਾਈ ਬੂਟਾ ਸਿੰਘ ਤੇ ਅਵਤਾਰ ਸਿੰਘ ਦੀ ਕੋਈ ਦਾਲ ਨਾ ਗਲੀ। ਉਨ੍ਹਾਂ ਦਾ ਗੁਰੂ ਡੰਮ੍ਹ; ਦੰਭ ਤੇ ਪਾਖੰਡ ਚਲ ਨਾ ਸਕਿਆ। ੧੯੪੭ ਵਿਚ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਈ। ਬੂਟਾ ਸਿੰਘ ਉਸ ਤੋਂ ਚਾਰ ਸਾਲ ਪਹਿਲੇ ਇਕ ਭਿਆਨਕ ਰੋਗ ਨਾਲ ਕੋਹਮਰੀ ਵਿਚ ਮਰ ਗਿਆ। **ਅਵਤਾਰ ਸਿੰਘ** ਰਾਵਲਪਿੰਡੀ ਤੇ ਪੋਠੋਹਾਰ ਵਿਚ ਮੁਸਲਿਮ ਲੀਗੀਆਂ ਦੀ ਗੜਬੜ ਤੇ ਤਬਾਹੀ ਤੋਂ ਡਰਦਾ ਮਾਰਿਆ ਦਿੱਲੀ ਆ ਗਿਆ। ਉਸ ਨੇ ਪਹਾੜ ਗੰਜ ਦਿੱਲੀ ਵਿਚ ਇਕ ਮਕਾਨ ਕਿਰਾਏ ਉਤੇ ਲੈ ਕੇ ਨਿਰੰਕਾਰ ਦੀ ਆੜ ਵਿਚ ਆਪਣਾ ਗੁਰੂ-ਡੰਮ੍ਹ ਤੇ ਦੰਭ ਪਾਖੰਡ ਖਿਲਾਰਨਾ ਸ਼ੁਰੂ ਕਰ ਦਿਤਾ। ਚੂੰਕਿ ਸਾਡੇ ਦੇਸ਼ ਵਿੱਚ ਅਜੇ ਕਾਫੀ ਲੋਕੀਂ ਅਨਪੜ੍ਹ ਹਨ, ਪਾਖੰਡ ਦੇ ਜਾਲ ਵਿਚ ਫਸ ਜਾਂਦੇ ਹਨ, ਇਸ ਲਈ ਉਸ ਨੂੰ ਕੁਝ ਮਥੇ ਟੇਕਣ ਵਾਲੇ ਚੇਲੇ ਮਿਲ ਗਏ। ਪੂਜਾ-ਭੇਟ ਵੀ ਚੜ੍ਹਨ ਲੱਗ ਪਈ। ਉਸਨੇ ਪੂਜਾ ਦੇ ਧਨ ਨਾਲ ਸ਼ਾਨਦਾਰ ਕੋਠੀ ਪਾ ਲਈ। ਗੁਰੂ ਡੰਮ੍ਹ ਦੀ ਡੁਗੀ ਪਿਟਣ ਲਈ ਕੁਝ ਪੇਡ ਏਜੰਟ ਤੇ ਚੇਲੀਆਂ ਰਖ ਲਈਆਂ। ਨਿਰੰਕਾਰ ਦੇ ਝੂਠੇ ਦਰਸ਼ਨ ਕਰਾਉਣ ਦਾ ਛਲ ਨਾਟਕ, ਸ਼ਖਸੀ ਪੂਜਾ ਤੇ ਕੁਟੰਬ ਪੂਜਾ ਦਾ ਸਟੰਟ ਰਚਾ ਲਿਆ। ਉਹ ਸਿਨੇਮਾ ਦੇ ਨਾਚੇ ਨਾਚੀਆਂ ਵਾਂਗ ਸੁਨਹਿਰੀ ਮੁਕਟ ਤੇ ਰੇਸ਼ਮੀ ਕਪੜੇ ਪਾ ਕੇ ਤਖਤ ਉਤੇ ਬੈਠ ਕੇ ਆਪਣੇ ਆਪ ਨੂੰ ਹਜ਼ੂਰ ਸ਼ਹਿਨਸ਼ਾਹ ਤੇ ਸੱਚਾ ਪਾਤਸ਼ਾਹ ਅਖਵਾਉਣ ਲਗ ਪਿਆ। ਉਸ ਨੇ ਅਵਤਾਰ, ਰਾਮ, ਅੱਲਾ ਤੇ ਗਾਡ ਦੇ ਸਾਨੀ ਹੋਣ ਦਾ ਝੂਠਾ ਦਾਅਵਾ ਕੀਤਾ।

"ਅੰਨ੍ਹੀ ਅੰਨ੍ਹਾ ਖੂਹੇ ਠੇਹਲੇ" ਦੀ ਕਹਾਵਤ ਅਨੁਸਾਰ ਅੰਧ ਵਿਸ਼ਵਾਸੀ ਚੇਲੇ ਚੇਲੀਆਂ ਨੂੰ ਆਲੇ ਦੁਆਲੇ ਬਿਠਾ ਕੇ ਉਨ੍ਹਾਂ ਤੋਂ ਗੁਆਂਦਾ ਸੀ – 'ਇਹਦੀਆਂ ਤਲੀਆਂ ਵਿਚ ਰੱਬ ਵਸਦਾ।'

ਜਿਹੜਾ ਨਿਰਾਕਾਰ ਵਾਹਿਗੁਰੂ, ਸ਼ਬਦ, ਸਪੱਰਸ਼ ਰੂਪ, ਰਸ, ਗੰਧ, ਮਨ ਤੇ ਬੁਧੀ ਤੋਂ

ਪਰੇ ਹੈ, ਖੰਡਾਂ ਬ੍ਰਹਿਮੰਡਾਂ ਤੇ ਸਾਰੇ ਵਿਸ਼ਵ ਵਿਚ ਵਿਆਪਕ ਹੈ, ਉਹ ਨਕਲੀ ਨਿਰੰਕਾਰੀ ਦੀਆਂ ਤਲੀਆਂ ਵਿਚ ਕਿਵੇਂ ਫਸ ਗਿਆ ? ਇਸ ਗੱਲ ਦਾ ਉਹ ਕੋਈ ਉੱਤਰ ਨਹੀਂ ਸੀ ਦਿੰਦਾ। ਉਸ ਨੇ ਮਾਇਆ ਮੋਹਣੀਆਂ ਦਾ ਜਾਲ ਤਣ ਕੇ ਲੋਕਾਂ ਨੂੰ ਫਾਹੁਣ ਦਾ ਜਤਨ ਕੀਤਾ।

ਇਥੇ ਟੂਕ ਮਾਤਰ ਇਕ ਗੱਲ ਦਸਣੀ ਚਾਹੁੰਦੇ ਹਾਂ ਕਿ ਅਵਤਾਰ ਸਿੰਘ ਨੇ ਇਕ ਘੋਰ ਅਪਰਾਧ ਇਹ ਕੀਤਾ ਕਿ ਪੰਜਾਬੀ ਦੇ ਇਕ ਟੁਕੜ ਬੋਚ ਕਵੀ ਤੋਂ ਤੁਕ-ਬੰਦੀ ਕਰਵਾ ਕੇ ਆਪਣੇ ਨਾਮ ਪਰ ਜਾਹਲੀ **'ਅਵਤਾਰ ਬਾਣੀ'** ਛਪਵਾਈ। ਜਿਸ ਵਿਚ ਪੁੱਤਰਾਂ, ਪਤਨੀ, ਨੂੰਹ ਤੇ ਪਿਛਲਗਾਂ ਨੂੰ ਸੰਤ ਦਸਕੇ ਉਨ੍ਹਾਂ ਦੇ ਨਾਮ ਪਰ ਆਪਣੀ ਉਸਤਤਿ ਕਰਵਾਈ।

ਝੂਠੇ ਖੁਦਾਈ ਦਾਅਵੇ ਕਰਨ ਵਾਲਾ, ਝੂਠ, ਜੂਠ ਅਤੇ ਵਾਮ ਮਾਰਗ ਦਾ ਪ੍ਰਚਾਰਕ ਅਵਤਾਰ ਸਿੰਘ ੧੭ ਸਿਤੰਬਰ ੧੯੬੯ ਨੂੰ ਦਿਲੀ ਵਿਚ ਇਕ ਭੈੜੀ ਬੀਮਾਰੀ ਨਾਲ ਮਰ ਗਿਆ। ਪਿਉ ਦੀ ਰੀਸੇ ਉਸ ਦਾ ਪੁੱਤਰ **ਗੁਰਬਚਨ ਸਿੰਘ** ਆਪਣੇ ਆਪ ਨੂੰ ਸਤਿਗੁਰੂ, ਜਗਤ ਦਾ ਪਾਲਣਹਾਰ ਤੇ ਸਿਰਜਣਹਾਰ ਦੱਸਣ ਲੱਗਾ। ਉਸ ਦੇ ਪੇਡ ਏਜੰਟ ਤੇ ਅੰਧ-ਵਿਸ਼ਵਾਸ਼ੀ ਚੇਲੇ ਚੇਲੀਆਂ ਨਿਰੰਕਾਰ ਤੋਂ ਬੇਮੁਖ ਹੋ ਕੇ ਆਦਮ ਪ੍ਰਸਤੀ ਕਰਦੇ ਹੋਏ ਇਹ ਟੱਪੇ ਗਾਉਂਦੇ ਸਨ :

**੧. ਗੁਰਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ।**

**੨. ਆਇਆ ਗੁਰੂ ਬਚਨ ਅਵਤਾਰ, ਸਾਰੇ ਜਗ ਦਾ ਪਾਲਣਹਾਰ।**
**ਸਾਡਾ ਕਰ ਗਿਆ ਬੇੜਾ ਪਾਰ।**

ਆਜ਼ਾਦੀ ਦੇ ਬਾਅਦ ਭਾਰਤ ਵਿਚੋਂ ਰਾਜੇ ਰਾਣੀਆਂ ਦੀ ਫੂਹੜੀ ਵਲੇਟੀ ਗਈ ਪਰ ਲੋਕਾਂ ਦੀ ਪੂਜਾ ਦੇ ਆਸਰੇ ਐਸ਼ ਕਰਨ ਵਾਲਾ ਗੁਰਬਚਨ ਸਿੰਘ ਮਜ਼ਬੀ ਮਜਾਵਰ ਆਪਣੀ ਪਤਨੀ ਕੁਲਵੰਤ ਕੌਰ ਨੂੰ ਚੇਲੇ ਚੇਲੀਆਂ ਤੋਂ 'ਰਾਜਮਾਤਾ' ਅਖਵਾਉਂਦਾ ਤੇ ਆਪਣੇ ਮੈਗਜ਼ੀਨ ਵਿਚ ਲਿਖਵਾਉਂਦਾ ਸੀ। 'ਬਾਪ ਪਰ ਬੇਟਾ, ਤੁਖਮ ਪਰ ਘੋੜਾ' ਦੀ ਕਹਾਵਤ ਅਨੁਸਾਰ ਜੇ ਪਿਉ ਰਾਮ, ਗਾਡ ਤੇ ਅੱਲਾਹ ਦਾ ਸਾਨੀ ਬਣਦਾ ਸੀ ਤਾਂ ਪੁਤ ਸ੍ਰੀ ਰਾਮ, ਕ੍ਰਿਸ਼ਨ, ਜਨਕ, ਆਦਮ, ਮੂਸਾ, ਈਸਾ ਤੇ ਮੁਹੰਮਦ ਦਾ ਆਪਣੇ ਆਪ ਨੂੰ ਉਤਰ-ਅਧਿਕਾਰੀ ਬਿਆਨ ਕਰਦਾ ਸੀ। ਇਕੋ ਵਕਤ ਵਿਚ ਲੋਕਾਂ ਨੂੰ ਬੁੱਧੂ ਬਣਾਉਣ ਤੇ ਆਪਣੀ ਹਉਮੈ ਨੂੰ ਪਠੇ ਪਾਉਣ ਲਈ ਹਿੰਦੂ ਅਵਤਾਰਾਂ ਅਤੇ ਇਬਰਾਨੀ ਪੈਗੰਬਰਾਂ ਨਾਲ ਆਪਣੀ ਪੂਛ ਜੋੜਦਾ ਸੀ, ਜਿਹਨਾਂ ਦੀ ਆਪਸ ਵਿਚ ਵਿਚਾਰਧਾਰਾ ਜਾਂ ਕੋਈ ਸਿਧਾਂਤ ਨਹੀਂ ਮਿਲਦਾ। ਇਸ਼ਤਿਹਾਰੀ ਹਕੀਮਾਂ, ਫਿਲਮੀ ਤੇ ਸਰਕਸ ਕੰਪਨੀਆਂ ਵਾਂਗ ਆਪਣੇ ਗੁਰੂ-ਡੰਮ੍ਹ ਦੀ ਝੂਠੀ ਇਸ਼ਤਿਹਾਰ-ਬਾਜ਼ੀ ਕਰਕੇ ਸਿਨਮਿਆਂ ਵਿਚ ਰੀਲਾਂ ਦਿਖਾ ਕੇ ਲੋਕਾਂ ਨੂੰ ਪਾਖੰਡ ਜਾਲ ਵਿਚ ਫਾਹੁੰਦਾ ਸੀ। ਗੁਰਬਚਨ ਸਿੰਘ ਭਾਰਤ ਦੇ ਧਾਰਮਿਕ ਵਿਦਵਾਨਾਂ ਦੇ ਕਿਸੇ ਇਕੱਠ ਵਿਚ ਕਿਸੇ ਅਧਿਆਤਮਿਕ ਵਿਸ਼ੇ ਪਰ ਚੰਗੀ ਤਕਰੀਰ ਨਹੀਂ ਸੀ ਕਰ ਸਕਦਾ, ਨਾ ਹੀ ਇਸ ਦੀ ਲੋਕ ਸੇਵਾ ਜਾਂ ਕੁਰਬਾਨੀ ਸੀ। ਨਿਰੋਲ, ਦੰਭ, ਪਾਖੰਡ ਮਾਇਆ ਤੇ ਮੋਹਣੀਆਂ ਦੇ ਆਸਰੇ ਕਈ ਮੂਰਖਾਂ ਨੂੰ ਵਧੇਰੇ ਮੂਰਖ ਬਣਾਉਂਦਾ ਸੀ।

ਸਾਡੇ ਦੇਸ਼ ਵਿਚ ਜਿਸ ਤਰ੍ਹਾਂ ਭਾੜੇ ਉਤੇ ਪਿੱਟਣ ਵਾਲੀਆਂ ਨਾਇਣਾਂ ਮਿਲ ਜਾਂਦੀਆਂ ਹਨ, ਉਸੇ ਤਰ੍ਹਾਂ ਕਈ ਟੁਕੜ ਬੋਚ ਕਵੀ ਤੇ ਲੇਖਕ ਝੂਠੀ ਉਸਤਿਤ ਕਰਨ ਵਾਲੇ ਵੀ ਮਿਲ ਜਾਂਦੇ ਹਨ। 'ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ' ਅਨੁਸਾਰ ਇਕ ਰਿੰਦ ਕਵੀ ਨੇ ਰਸਾਲਾ 'ਸੰਤ ਨਿਰੰਕਾਰੀ' ਮਈ ੧੯੬੪ ਦੇ ਅੰਕ ਵਿਚ ਸਫਾ ੯ ਉਤੇ ਅਵਤਾਰ ਸਿੰਘ ਦੀ ਕੋਝੀ

ਉਸਤਤ ਕਰਦੇ ਹੋਏ ਇਕ ਕਵਿਤਾ ਛਪਵਾਈ। ਜਿਸ ਵਿਚ ਰਿੰਦ ਕਵੀ ਨੇ ਲਿਖਿਆ :

'ਅੱਲਾ' ਆਪੇ ਮੁੜ ਆਇਆ ਜੇ। ਗਾਡ ਵੀ ਨਾਲ ਲਿਆਇਆ ਜੇ।
'ਰਾਮ' ਵੀ ਇਸ ਦੀ ਬੁਕਲੀ ਖੇਲੇ, ਇਹ ਰੱਬ ਆਪੇ ਹੈ ਆਇਆ।

ਫਰਵਰੀ ੧੯੬੬ ਦੇ ਰਸਾਲਾ 'ਸੰਤ ਨਿਰੰਕਾਰੀ' ਵਿਚ ਇਕ ਹੋਰ ਅੰਧ ਵਿਸ਼ਵਾਸੀ ਤੇ ਟੁਕੜ-ਬੋਚ ਕਵੀ ਐਸ. ਐਸ. ਆਨੰਦ ਨੇ ਲਿਖਿਆ ਹੈ :

ਦੁਨੀਆਂ ਵਾਲਿਓ ਦਸਾਂ ਮੈਂ ਗਲ ਇਕੋ,
ਇਹੋ ਬੈਠਾ ਜੇ ਦੁਨੀਆਂ ਬਣਾਉਣ ਵਾਲਾ।
ਸਦਾ ਏਸ ਨੇ ਕਾਇਮ ਤੇ ਦਾਇਮ ਰਹਿਣਾ,
ਬਾਕੀ ਜਗ ਏ ਆਉਣ ਤੇ ਜਾਣ ਵਾਲਾ।

ਝੂਠੇ ਖੁਦਾਈ ਦਾਹਵੇ ਕਰਨ ਵਾਲਾ ਅਵਤਾਰ ਸਿੰਘ ੧੭ ਸਤੰਬਰ ੧੯੬੯ ਨੂੰ ਦਿਲੀ ਵਿਚ ਕੈਂਸਰ ਨਾਲ ਮਰ ਗਿਆ ਸੀ। ਉਹ ਮਰਨ ਵੇਲੇ ਬਹੁਤ ਔਖਾ ਹੋਇਆ ਸੀ। ਉਸ ਦੀ ਲਾਸ਼ ਕੋਲੋਂ ਬਦ-ਬੂ ਆਉਂਦੀ ਸੀ। ਇਸ ਲਈ ਉਸ ਨੂੰ ਕਾਹਲੀ ਨਾਲ ਬਿਜਲੀ ਦੀ ਭੱਠੀ ਵਿਚ ਸਾੜ ਦਿੱਤਾ ਗਿਆ ਸੀ। 'ਰਿੰਦ' ਕਵੀ ਜਾਂ ਨਕਲੀ ਨਿਰੰਕਾਰੀ ਦਸਣ ਕਿ ਕੀ ਅਵਤਾਰ ਸਿੰਘ ਦੇ ਮਰਨ ਨਾਲ ਰਾਮ, ਅੱਲਾ ਅਤੇ ਗਾਡ ਮਰ ਗਏ ਸਨ ਜਾਂ ਉਸ ਦੇ ਨਾਲ ਹੀ ਤੁਰ ਗਏ ਸਨ? ਜਿਹੜਾ 'ਰਾਮ' ਬੁਕਲ ਵਿਚ ਵਸਦਾ ਸੀ, ਕੀ ਉਹ ਅਵਤਾਰ ਸਿੰਘ ਦੇ ਨਾਲ ਹੀ ਬਿਜਲੀ ਦੀ ਭੱਠੀ ਵਿਚ ਫੂਕਿਆ ਗਿਆ ਸੀ ? ਹਰਗਿਜ਼ ਨਹੀਂ। ਇਹ ਜਿਸ ਨੂੰ ਕਾਇਮ ਦਾਇਮ ਦਸਦੇ ਹਨ, ਉਹ ਕਿਥੇ ਹੈ ? ਜਿਸ ਨੂੰ ਅਕਾਲ ਪੁਰਖ, ਰਾਮ, ਅੱਲਾ ਜਾਂ ਗਾਡ ਕਿਹਾ ਜਾਂਦਾ ਹੈ ਉਸ ਦੀ ਜਾਤ ਸਦੀਵੀ ਕਾਇਮ ਹੈ। ਉਹ ਅਜਰ, ਅਮਰ, ਸ਼ਕਤੀਵਾਨ ਅਤੇ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਹੈ। ਪਰ ਝੂਠੇ ਖੁਦਾਈ ਦਾਹਵੇ ਕਰਨ ਵਾਲਾ ਇਕ ਦੰਭੀ, ਪਾਖੰਡੀ, ਕਾਮ, ਕਰੋਧ, ਈਰਖਾ ਤੇ ਦਵੈਸ਼ ਦਾ ਪੁਤਲਾ, ਜਿਸ ਨੂੰ ਜ਼ਮੀਰ ਫਰੋਸ਼ ਤੇ ਆਦਮ-ਪ੍ਰਸਤ, ਕਵੀ ਰਿੰਦ, ਅੱਲਾ, ਗਾਡ ਅਤੇ ਰਾਮ ਬਿਆਨਦਾ ਸੀ, ਉਹ ਕਦੋਂ ਦਾ ਮਰ ਚੁੱਕਾ ਹੈ।

ਕਹਿੰਦੇ ਹਨ ਕਿ ਲੰਡਨ ਵਿਚ ਇਕ ਵੇਸਵਾ ਨੇ ਆਪਣੇ ਘਰ ਦੇ ਅਗੇ ਮਹਾਤਮਾ ਬੱਧ ਦੀ ਮੂਰਤੀ ਰੱਖੀ ਹੋਈ ਸੀ। ਉਸ ਨੂੰ ਕਿਸੇ ਨੇ ਪੁਛਿਆ-''ਪਾਪਣੇ! ਮਹਾਤਮਾ ਬੁੱਧ ਤਾਂ ਬਹੁਤ ਨੇਕ ਪੁਰਸ਼ ਸਨ, ਤੂੰ ਦੁਰਾਚਾਰੀ ਹੋ ਕੇ ਉਹਨਾਂ ਦੀ ਮੂਰਤੀ ਬੂਹੇ ਅੱਗੇ ਕਿਉਂ ਰੱਖੀ ਹੋਈ ਹੈ?'' ਉਸ ਵੇਸਵਾ ਨੇ ਉੱਤਰ ਦਿੱਤਾ – ''ਮੈਂ ਇਹ ਮੂਰਤੀ ਬੋਧੀਆਂ ਤੇ ਹਿੰਦੁਸਤਾਨੀਆਂ ਨੂੰ ਫਾਹੁਣ ਲਈ ਰਖੀ ਹੋਈ ਹੈ।''

ਠੀਕ ਇਹੀ ਪੋਜ਼ੀਸ਼ਨ ਭਾਈ ਅਵਤਾਰ ਸਿੰਘ ਦੇ ਪੁਤਰ ਤੇ ਪੋਤਰੇ ਦੀ ਹੈ ਜੋ ਆਪਣੇ ਗੁਰੂ-ਡੰਮ੍ਹ ਤੇ ਪਾਖੰਡ-ਜਾਲ ਵਿਚ ਭੋਲੇ ਭਾਲੇ ਲੋਕਾਂ ਨੂੰ ਫਸਾਉਣ ਲਈ 'ਨਿਰੰਕਾਰ' ਦਾ ਨਾਮ ਵਰਤਦੇ ਸਨ। ਨਾ ਇਹ ਸੰਤ ਸਨ, ਨਾ ਨਿਰੰਕਾਰੀ, ਬਲਕਿ ਇਕ ਮਜ਼੍ਹਬੀ ਠੱਗ ਸਨ।

ਅਫਸੋਸ ਦੀ ਗੱਲ ਇਹ ਹੈ ਕਿ ਸਿੰਘ ਨਾਂ ਰਖਵਾ ਕੇ ਗੁਰੂ ਦਾ ਰੂਪ ਦਾਹੜੀ ਤੇ ਕੇਸ ਰਖ ਕੇ, ਗੁਰਬਾਣੀ ਦੇ ਸ਼ਬਦ ਪੜ੍ਹਕੇ ਤੇ ਲੋਕਾਂ ਨੂੰ ਪੋਥੀਆਂ ਦੇ ਕੇ ਇਹ 'ਨਿਰੰਕਾਰੀ' ਨਾਂ ਨੂੰ ਬਦਨਾਮ ਕਰਦੇ ਰਹੇ ਹਨ।

ਜਿਸ ਤਰ੍ਹਾਂ ਮਕੜੀ ਜਾਲਾ ਤਣ ਕੇ ਮੱਖੀਆਂ ਅਤੇ ਕੀੜੀਆਂ ਨੂੰ ਫਸਾਉਂਦੀ ਹੈ, ਅਤੇ ਪਾਣੀ ਵਿਚ ਬਗਲਾ ਸਮਾਧੀ ਲਾ ਕੇ ਇਕ ਟੰਗ ਭਾਰ ਖਲੋਤਾ ਹੋਇਆ ਡੱਡੀਆਂ ਤੇ ਮੱਛੀਆਂ ਦਾ ਘਾਤ ਕਰਦਾ ਹੈ, ਇਸੇ ਤਰ੍ਹਾਂ ਨਕਲੀ ਨਿਰੰਕਾਰੀ ਨਿਰੰਕਾਰ ਦੇ ਦਰਸ਼ਨ ਕਰਾਉਣ ਦਾ ਇਕ ਛਲ ਨਾਟਕ ਰਚ ਕੇ ਕਈ ਭੋਲੇ ਲੋਕਾਂ ਨੂੰ ਆਪਣੇ ਗੁਰੂ-ਡੰਮ੍ਹ ਦੇ ਜਾਲ ਵਿਚ ਫਾਹੁੰਦੇ ਹਨ। ਜਦ ਕੋਈ ਇਨ੍ਹਾਂ ਦੇ ਫੰਦੇ ਵਿਚ ਫਸ ਜਾਵੇ, ਉਸ ਨੂੰ ਕਹਿੰਦੇ ਹਨ – 'ਨਿਰੰਕਾਰ ਦੇ ਦਰਸ਼ਨ ਕਰਨੇ ਜੇ ?''

ਭੋਲੇ ਭਾਲੇ ਆਦਮੀ ਤੇ ਬੁਢੀਆਂ ਕਹਿੰਦੀਆਂ ਹਨ – ''ਹਾਂ ਬਾਬਾ ਜੀ! ਦਰਸ਼ਨ ਕਰਨੇ ਹਨ।''

ਨਕਲੀ ਨਿਰੰਕਾਰੀ ਉਸ ਵਕਤ ਇਕ ਹੱਥ ਉਤੇ ਤੇ ਇਕ ਹੱਥ ਥਲੇ, ਬਿਲਮੁਕਾਬਲ ਰਖ ਕੇ ਕਹਿੰਦੇ ਹਨ - 'ਵਿਚ ਤੱਕੋ।'

ਭੁਲੜ ਆਦਮੀ ਦੋਹਾਂ ਹੱਥਾਂ ਦੇ ਵਿਚਕਾਰ ਦੇਖਦੇ ਹਨ। ਫਿਰ ਛਲੀਏ ਕਹਿੰਦੇ ਹਨ– 'ਬਸ ਏਹੀ ਨਿਰੰਕਾਰ ਜੇ।'

ਵਾਸਤਵ ਵਿਚ ਇਹ ਪਾਖੰਡੀ ਗੁਰੂ ਨਿਰੰਕਾਰ ਤੋਂ ਉਤਨੇ ਹੀ ਦੂਰ ਹਨ, ਜਿਤਨਾ ਕਿ ਸ਼ੈਤਾਨ ਨੇਕੀ ਤੋਂ ਦੂਰ ਹੈ। ਦਰਸ਼ਨ ਆਪਣੇ ਹੀ ਕਰਵਾਉਂਦੇ ਹਨ, ਪਰ ਧੋਖਾ ਨਿਰੰਕਾਰ ਦੇ ਨਾਮ ਪਰ ਕਰਦੇ ਹਨ।

***ਝੂਠੇ ਦਰਸ਼ਨਾਂ ਬਾਰੇ ਇਕ ਬਿਆਨ :***

ਸ੍ਰ. ਦਾਨ ਸਿੰਘ ਸਾਬਕ ਸੱਕਤਰ ਗੁਰਦਵਾਰਾ ਕਮੇਟੀ ਦਿਲੀ ਤੇ ਪ੍ਰੋਪਰਾਈਟਰ ਨੈਸ਼ਨਲ ਟਰਾਂਸਪੋਰਟ ਨੇ ਦੱਸਿਆ – 'ਇਕ ਵੇਰ ਮੈਂ ਅਤੇ ਸ੍ਰ. ਰਤਨ ਸਿੰਘ ਠੇਕੇਦਾਰ (ਕਰੋਲ ਬਾਗ ਦਿਲੀ, ਮੈਂਬਰ ਗੁ: ਕਮੇਟੀ) ਅਵਤਾਰ ਸਿੰਘ ਕੋਲ ਗਏ। ਅਸੀਂ ਉਸ ਨੂੰ ਕਿਹਾ – ''ਸੁਣਿਆ ਹੈ ਤੁਸੀਂ ਲੋਕਾਂ ਨੂੰ ਨਿਰੰਕਾਰ ਦੇ ਦਰਸ਼ਨ ਕਰਵਾਉਂਦੇ ਹੋ। ਸਾਨੂੰ ਵੀ ਦਰਸ਼ਨ ਕਰਵਾ ਦਿਉ।''

ਅਵਤਾਰ ਸਿੰਘ ਕਹਿਣ ਲਗਾ – ''ਜਿਤਨੇ ਚਿਰ ਵਿਚ ਮਰਦ ਇਸਤਰੀ ਭੋਗ ਬਿਲਾਸ ਕਰਦਿਆਂ ਖਾਰਜ ਹੁੰਦੇ ਹਨ, ਮੈਂ ਉਤਨੇ ਚਿਰ ਵਿਚ ਤੁਹਾਨੂੰ ਦਰਸ਼ਨ ਕਰਵਾ ਦੇਣੇ ਹਨ।''

ਸਾਨੂੰ ਉਸ ਦੀ ਇਹ ਬੇ-ਤੁਕੀ ਗਲ ਸੁਣ ਕੇ ਬੜਾ ਅਫਸੋਸ ਹੋਇਆ। ਅਸੀਂ ਦਿਲ ਵਿਚ ਸੋਚਿਆ ਕਿ ਜਿਸ ਨੂੰ ਭੋਗ ਬਿਲਾਸ ਤੋਂ ਬਿਨਾਂ ਕੁਝ ਸੁਝਦਾ ਹੀ ਨਹੀਂ, ਇਸ ਨੇ ਨਿਰੰਕਾਰ ਦੇ ਦਰਸ਼ਨ ਕੀ ਕਰਾਉਣੇ ਹਨ। ਅਸੀਂ ਨਿਰਾਸ਼ ਹੋ ਕੇ ਉਠ ਕੇ ਤੁਰ ਆਏ।

''ਬਿੱਲੀ ਨੂੰ ਛਿਛੜਿਆਂ ਦੇ ਸੁਪਨੇ'' ਅਨੁਸਾਰ ਜਿਸ ਨੇ ਬਿਗਾਨੀ ਕਮਾਈ ਵਿਚੋਂ ਰੋਜ ਚੰਗੇ ਪਦਾਰਥ ਛਕਣੇ ਤੇ ਸਕਾਚ ਵਿਸਕੀ ਪੀਣੀ ਹੈ, ਉਹ ਕਾਮ ਦੇਵ ਜਾਂ ਸ਼ੈਤਾਨ ਦੇ ਦਰਸ਼ਨ ਤਾਂ ਕਰਵਾ ਸਕਦਾ ਹੈ ਪਰ ਨਿਰੰਕਾਰ ਦੇ ਦਰਸ਼ਨ ਨਾ ਉਸ ਨੂੰ ਆਪ ਹੋ ਸਕਦੇ ਹਨ, ਨਾ ਉਹ ਕਿਸੇ ਨੂੰ ਕਰਵਾ ਸਕਦਾ ਹੈ।

***ਤਲੀਆਂ ਵਿਚ ਰੱਬ ਵਸਦਾ :***

ਨਿਰੇ ਵਿਕਾਰੀ ਗੁਰਬਚਨ ਸਿੰਘ ਦਾ ਇਕ ਚੇਲਾ ਬਿਕਰ ਸਿੰਘ ਲੁਧਿਆਣਾ ਕਹਿੰਦਾ ਹੈ:

''ਨਿਰੰਕਾਰੀ ਬਾਬੇ ਦੀਆਂ ਤਲੀਆਂ ਹਿਲੀਆਂ ਤਾਂ ਰੱਬ ਪ੍ਰਤੱਖ ਨਜ਼ਰੀਂ ਆਇਆ ਆਵਾ-ਗਵਨ ਤੋਂ ਮੁਕਤੀ ਮਿਲ ਗਈ।'' *(ਸੰਤ ਨਿਰੰਕਾਰੀ, ਅਗਸਤ ੧੯੭੦, ਪੰਨਾ ੩੨)*

ਜਿਹੜਾ ਨਿਰਾਕਾਰ ਸ਼ਬਦ, ਸਪਰਸ਼, ਰੂਪ, ਰਸ, ਗੰਧ, ਮਨ, ਬੁਧੀ, ਦੇਸ਼ ਤੇ ਕਾਲ ਦੀਆਂ ਹੱਦਾਂ ਤੋਂ ਪਰ੍ਹੇ ਹੈ, ਉਹ ਨਿਰੇ ਵਿਕਾਰੀ ਗੁਰਬਚਨ ਸਿੰਘ ਦੀਆਂ ਤਲੀਆਂ ਵਿਚ ਨਹੀਂ ਹੋ ਸਕਦਾ। ਇਹਨਾਂ ਦਾ ਰੱਬ ਕੋਈ ਬਟੇਰਾ ਹੈ, ਜਿਹੜਾ ਪਾਖੰਡੀ ਬਾਬੇ ਦੀਆਂ ਤਲੀਆਂ ਚੋਂ ਫ਼ਰ ਕਰਕੇ ਉਡਿਆ ਤੇ ਉਹ ਬਿਕਰ ਸਿੰਘ ਨੂੰ ਦਿਸ ਪਿਆ!

ਇਹ ਨਿਰਾ ਕੂੜ ਕੁਸੱਤ ਤੇ ਯੱਕੜ ਹੈ। ਜੋ ਸ਼ਰਾਬੀ ਕਬਾਬੀ ਤੇ ਅਨਪੜ੍ਹ ਬੂਟਾ ਸਿੰਘ ਅਤੇ ਅਵਤਾਰ ਸਿੰਘ ਦੇ ਮੋਟੇ ਦਿਮਾਗ ਦੀ ਕਾਢ ਹੈ। ਗੁਰਬਚਨ ਸਿੰਘ ਦੇ ਜਿਹੜੇ ਚੇਲੇ ਚੇਲੀਆਂ ਢੋਲਕੀ ਵਜਾ ਕੇ ਇਹ ਗਾਉਂਦੇ ਹਨ :–

'ਇਹਦੀਆਂ ਤਲੀਆਂ ਵਿਚ ਰੱਬ ਵਸਦਾ'

ਇਹ ਇਕ ਟੁਕੜ ਬੋਚ ਕਵੀ ਦੀ ਤੁਕ ਬੰਦੀ ਹੈ।

ਸਾਰੇ ਬ੍ਰਹਮ-ਰਿਸ਼ੀਆਂ, ਮੁਨੀਆਂ, ਸੰਤ ਮਹਾਤਮਾ ਤੇ ਸੁਕ੍ਰਾਤ ਵਰਗੇ ਫ਼ਿਲਾਸਫ਼ਰਾਂ ਨੇ ਰੱਬ ਨੂੰ ਹਿਰਦੇ ਵਿਚ ਮੰਨਿਆ ਹੈ। ਮਨ ਜਾਂ ਮਸਤਕ ਵਿਚ ਉਸਦੇ ਗੁਣਾਂ ਦਾ ਧਿਆਨ ਜਾਂ ਤਸਵਰ ਕਾਇਮ ਕਰ ਸਕਦੇ ਹਾਂ। ਲੇਕਿਨ ਸਰਬ ਵਿਆਪਕ ਸ਼ਕਤੀ ਨੂੰ ਤਲੀਆਂ ਵਿਚ ਦੱਸਣਾ ਮੂਰਖ-ਪੁਣੇ ਤੇ ਪਾਖੰਡ ਦਾ ਮੁਜ਼ਾਹਰਾ ਹੈ।

ਨਕਲੀ ਨਿਰੰਕਾਰੀ ਨੱਕ, ਮੂੰਹ, ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਗੁਦਾ ਆਦਿਕ ਨੌਂ ਦੁਆਰਿਆਂ ਦੀ ਥਾਂ ਤੇ ਸੂਰਜ, ਚੰਨ ਤਾਰੇ ਉਪਰ, ਹੇਠਾਂ ਧਰਤੀ ਪਾਣੀ ਤੇ ਅਗਨੀ, ਵਿਚਕਾਰ ਆਸਮਾਨ ਹਵਾ ਜਾਂ ਸ਼ਬਦ ਨੂੰ ਨੌਂ ਦੁਆਰੇ ਮੰਨਦੇ ਹਨ।

ਨਕਲੀ ਨਿਰੰਕਾਰੀ ਗੁਰਬਾਣੀ ਤੋਂ ਕਿੰਨੇ ਅਣਜਾਣ ਹਨ ਇਸ ਦੀ ਇਕ ਉਦਾਹਰਣ ਦਿੰਦਾ ਹਾਂ। ਗੁਰੂ ਵਾਕ ਹੈ :

**ਸਤਿਗੁਰ ਬਚਨ ਤੁਮ੍ਾਰੇ॥ ਨਿਰਗੁਣ ਨਿਸਤਾਰੇ॥੧॥ਰਹਾਉ॥**

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧॥**

*(ਪੰਨਾ ੪੦੬)*

ਇਸਦੇ ਅਰਥ ਨਕਲੀ ਨਿਰੰਕਾਰੀਆਂ ਨੇ ਮੈਗਜ਼ੀਨ ਸੰਤ ਨਿਰੰਕਾਰੀ ਮਈ ੧੯੬੪ ਦੇ ਪੰਨਾ ੭ ਤੇ ਇਉਂ ਕੀਤੇ ਹਨ।

"ਮਹਾਂ ਵਿਖਾਦੀ ਦੁਸ਼ਟ ਅਪਵਾਦੀ ਪੰਜਾਂ ਤੱਤਾਂ ਨੂੰ ਕਹਿੰਦੇ ਹਨ।

ਇਨਸਾਨ ਪੰਜਾਂ ਤੱਤਾਂ ਦੇ ਮੋਹ ਵਿਚ ਫਸ ਗਿਆ ਹੈ।"

ਵੇਖ ਲਉ ਕਿੰਨੀ ਅਗਿਆਨਤਾ ਹੈ।

ਗੁਰਬਾਣੀ ਵਿਚ 'ਮਹਾ ਬਿਖਾਦੀ ਦੁਸਟ ਅਪਵਾਦੀ' ਪੰਜਾਂ ਤੱਤਾਂ ਨੂੰ ਨਹੀਂ ਬਲਕਿ ਪੰਜ ਵਿਸ਼ਿਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਿਹਾ ਗਿਆ ਹੈ। ਪੰਜਾਂ ਤੱਤਾਂ ਨੂੰ ਪੰਜ ਬਿਖਾਦੀ ਦਸਣਾ ਇਹਨਾਂ ਦੀ ਜਹਾਲਤ ਦਾ ਪ੍ਰਤੱਖ ਸਬੂਤ ਹੈ।

ਜੂਨ ੧੯੭੩ ਵਿਚ ਲਖਨਊ ਵਿਖੇ ਗੁਰਬਚਨ ਸਿੰਘ ਦੀ ਘਰ ਵਾਲੀ ਰਾਜ ਮਾਤਾ ਨੇ ਲੈਕਚਰ ਕੀਤਾ ਤੇ ਕਿਹਾ :

*'ਕਲਿਜੁਗ ਦਾ ਬੋਹਥ ਮੇਰਾ ਪਤੀ ਹੈ। ਉਹੀ ਤੁਹਾਡੀ ਕਲਿਆਨ ਕਰ ਸਕਦਾ ਹੈ। ਹੋਰ*

ਕੋਈ ਬਾਣੀ ਦਾ ਪੋਥਾ ਤੁਹਾਡਾ ਕੁਝ ਨਹੀਂ ਸੁਆਰ ਸਕਦਾ।'

ਇਹਨਾਂ ਨੂੰ ਕੋਈ ਪੁਛੇ ਕਿ ਜੇ ਬਾਣੀ ਕੁਝ ਨਹੀਂ ਕਰ ਸਕਦੀ ਤਾਂ ਫਿਰ ਤੁਸੀਂ ਆਪਣੇ ਕੁਸੱਤ-ਸੰਗਾਂ ਵਿਚ ਬਾਣੀ ਦੇ ਸ਼ਬਦ ਕਿਉਂ ਪੜ੍ਹਦੇ ਹੋ? ਗੁਰਬਾਣੀ ਦੀ ਕਥਾ (ਤਰੋੜ ਮਰੋੜ ਕੇ) ਕਿਉਂ ਕਰਦੇ ਹੋ? ਜਾਹਲੀ ਅਵਤਾਰ ਬਾਣੀ ਦਾ ਪੋਥਾ ਕਿਉਂ ਲਿਖਵਾਇਆ ਹੈ? ਇਹਨਾਂ ਗੱਲਾਂ ਦਾ ਇਹਨਾਂ ਕੋਲ ਕੋਈ ਉੱਤਰ ਨਹੀਂ ਹੈ।

ਨਕਲੀ ਨਿਰੰਕਾਰੀ ਦੀਆਂ ਚੇਲੀਆਂ ਕਈ ਮਰਦਾਂ ਦੇ ਮੂੰਹ ਵਿਚ ਜੂਠਾ ਭੋਜਨ ਪਾਉਂਦੀਆਂ ਹਨ। ਫਿਰ ਉਹ ਆਪ ਵੀ ਦੂਜੇ ਮਰਦਾਂ ਦੀ ਜੂਠ ਖਾਂਦੀਆਂ ਹਨ, ਔਰਤਾਂ ਨੂੰ ਜੂਠ ਖੁਆਉਣ ਦਾ ਮਕਸਦ ਇਕੋ ਹੀ ਹੈ ਕਿ ਉਹ ਲਿੰਗ ਸੁਤੰਤਰਤਾ ਦੇ ਅਭਿਆਸ ਵਿਚ ਨਾ ਝਕਣ। ਮਾਸ, ਸ਼ਰਾਬ, ਖੂਬਸੂਰਤ ਔਰਤਾਂ ਨਾਲ ਵਿਭਚਾਰ ਹੀ ਇਹਨਾਂ ਦਾ ਇਕੋ ਇਕ ਨਿਸ਼ਾਨਾ ਹੈ।

ਨਕਲੀ ਨਿਰੰਕਾਰੀ ਸਿੱਖ ਧਰਮ, ਗੁਰੂ ਗ੍ਰੰਥ ਸਾਹਿਬ ਤੇ ਗੁਰਧਾਮਾਂ ਵਿਰੁਧ ਅਤਿ ਕੋੜੇ ਸ਼ਬਦ ਵਰਤਦੇ ਹਨ, ਇਸ ਕਰਕੇ ਸਿੱਖ ਪੰਥ ਅੰਦਰ ਭ੍ਰਿਸ਼ਟਾਚਾਰ ਫੈਲਾਉਣ ਵਾਲੀ ਜਮਾਤ ਵਿਰੁੱਧ ਭਾਰੀ ਗੁੱਸਾ ਹੈ। ਇਹ ਲੋਕ ਆਪਣੇ ਕੁਸੱਤਸੰਗਾਂ ਵਿਚ ਕਹਿੰਦੇ ਹਨ ਕਿ "ਗੁਰੂ ਗੋਬਿੰਦ ਸਿੰਘ ਜੀ ਨੂੰ ਭਗਤੀ ਦਾ ਕੀ ਪਤਾ ਸੀ, ਉਹ ਤਾਂ ਸਾਰੀ ਉਮਰ ਲੜਾਈਆਂ ਲੜਦੇ ਰਹੇ। ਸਿੱਖ ਕੌਮ ਏਨੀ ਝੱਲੀ ਹੈ ਕਿ ਥਾਂ-ਥਾਂ ਉਤੇ ਗੁਰਦਵਾਰੇ ਬਣਾ ਦਿੰਦੀ ਹੈ, ਜਿਥੇ ਗੁਰੂਆਂ ਟਿਕਾਣਾ ਕੀਤਾ ਜਾਂ ਘੋੜੇ ਬੱਧੇ ਜਾਂ ਕਿਲੇ ਗਡੇ ਸਨ। ਅੰਮ੍ਰਿਤਸਰ ਦੀ ਕਾਰ ਸੇਵਾ ਨਹੀਂ, ਇਹ ਬੇਕਾਰ ਸੇਵਾ ਸੀ। ਗੁਰੂ ਗ੍ਰੰਥ ਸਾਹਿਬ ਗੁਰੂ ਨਹੀਂ, ਕਾਗਜ਼ ਦਾ ਥੱਬਾ ਹੈ ਆਦਿ।"

ਨਕਲੀ ਨਿਰੰਕਾਰੀਆਂ ਨੂੰ ਕਈ ਵਾਰੀ ਸਿੱਖਾਂ ਦਾ ਡੈਪੂਟੇਸ਼ਨ ਮਿਲਿਆ ਕਿ ਐਸੀ ਬਕਵਾਸ ਬੰਦ ਕੀਤੀ ਜਾਵੇ। ਪਰ ਸਰਕਾਰ ਦੀ ਸ਼ਹਿ ਉਤੇ ਇਹ ਦਿਨੋ ਦਿਨ ਅਗਾਂਹ ਹੀ ਵਧਦੇ ਗਏ। ਅਖੀਰ ੧੯੭੮ ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਇਹਨਾਂ ਨੇ ਆਪਣੇ ਕੁਸੱਤਸੰਗ ਵਿਚ ਸਿੱਖ ਧਰਮ ਉਤੇ ਤਿਖੇ ਹਮਲੇ ਕੀਤੇ। ਜਦੋਂ ਗੁਰੂ ਕੇ ਸਿੱਖ ਇਹਨਾਂ ਨੂੰ ਅਜਿਹਾ ਕਰਨ ਤੋਂ ਵਰਜਣ ਗਏ ਤਾਂ ਇਹਨਾਂ ਨੇ ਸਿਖਾਂ ਨੂੰ ਗੋਲੀਆਂ ਨਾਲ ਭੁੰਨ ਸੁਟਿਆਂ ਜਿਸ ਦੇ ਫਲਸਰੂਪ ੧੩ ਸਿੰਘ ਸ਼ਹੀਦ ਹੋ ਗਏ ਤੇ ੭੮ ਸਿੰਘ ਜ਼ਖ਼ਮੀ ਹੋ ਗਏ। ੧੪ ਮਈ ੧੯੭੮ ਨੂੰ ਦਿੱਲੀ ਵਿਚ ਸਿੱਖ ਸੰਗਤਾਂ ਨੇ ਅੰਮ੍ਰਿਤਸਰ ਦੇ ਖੂਨੀ ਕਾਂਡ ਬਾਰੇ ਭਾਰੀ ਜਲੂਸ ਕੱਢਿਆ। ੨੬ ਸਤੰਬਰ ੧੯੭੮ ਨੂੰ ਕਾਨਪੁਰ ਵਿਖੇ ਨਕਲੀ ਨਿਰੰਕਾਰੀਆਂ ਨੇ ਫੇਰ ਅੰਮ੍ਰਿਤਸਰ ਦਾ ਖੂਨੀ ਕਾਂਡ ਦੁਹਰਾਇਆ ਜਿਸ ਵਿਚ ੮ ਸਿੰਘਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਸ਼ਹੀਦੀ ਪ੍ਰਾਪਤ ਕੀਤੀ। ਸਰਕਾਰ ਦੀ ਸ਼ਹਿ ਤੇ ਨਕਲੀ ਨਿਰੰਕਾਰੀਆਂ ਨੂੰ, ਉਪਰੋਕਤ ਘਟਨਾਵਾਂ ਨੂੰ ਨਜ਼ਰ ਅੰਦਾਜ਼ ਕਰਕੇ ੪ ਤੋਂ ੬ ਨਵੰਬਰ ੧੯੭੮ ਨੂੰ ਇੰਡੀਆ ਗੇਟ ਦਿੱਲੀ ਵਿਖੇ ਸਾਲਾਨਾ ਸਮਾਗਮ ਕਰਨ ਦੀ ਆਗਿਆ ਦੇ ਦਿੱਤੀ ਗਈ ਤੇ ਰਾਖੀ ਦੇ ਕਰੜੇ ਪ੍ਰਬੰਧ ਸਰਕਾਰ ਵਲੋਂ ਕੀਤੇ ਗਏ। ਜਿਸ ਦੇ ਰੋਸ ਵਜੋਂ ਦਿੱਲੀ ਦੇ ਸਿੰਘਾਂ ਨੇ ੫ ਨਵੰਬਰ ਨੂੰ ਸ਼ਾਂਤਮਈ ਪ੍ਰੋਟੈਸਟ ਜਲੂਸ ਗੁਰਦੁਆਰਾ ਬੰਗਲਾ ਸਾਹਿਬ ਤੋਂ ਆਰੰਭ ਕੀਤਾ, ਜਿਸ ਤੇ ਪੁਲਸ ਦੇ ਅੰਨ੍ਹੇ ਤਸ਼ੱਦਦ ਨਾਲ ਤਿੰਨ ਸਿੰਘ ਸ਼ਹੀਦ ਹੋ ਗਏ, ਅਣਗਿਣਤ ਜ਼ਖ਼ਮੀ ਹੋਏ। ਸੈਂਕੜੇ ਸਿੰਘ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡਕ ਦਿੱਤੇ ਗਏ।

ਸਿੰਘਾਂ ਨੇ ਉਪਰੋਕਤ ਸ਼ਹੀਦੀ ਸਾਕਿਆਂ ਰਾਹੀਂ ਇਹ ਦ੍ਰਿੜ ਕਰਵਾ ਦਿਤਾ ਕਿ ਦੇਹਧਾਰੀ

ਗੁਰੂ-ਡੰਮ੍ਹ ਦੀਆਂ ਵਿਭਚਾਰ ਫੈਲਾਉਣ ਵਾਲੀਆਂ ਇਹਨਾਂ ਗੱਦੀਆਂ ਪਾਸੋਂ ਗੁਰੂ ਦੇ ਸ਼ਬਦ ਦੀ ਨਿੰਦਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਸੰਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ੧੦ ਜੂਨ ੧੯੭੮ ਨੂੰ ਸਿੱਖ ਕੌਮ ਦੇ ਨਾਮ ਇਕ 'ਹੁਕਮਨਾਮਾ' ਵੀ ਜਾਰੀ ਕੀਤਾ ਗਿਆ ਜਿਸ ਰਾਹੀਂ ਸਿੱਖਾਂ ਨੂੰ ਨਕਲੀ ਨਿਰੰਕਾਰੀਆਂ ਨਾਲ ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਗਿਆ।

ਨਕਲੀ ਨਿਰੰਕਾਰੀਆਂ ਦਾ ਆਗੂ ਗੁਰਬਚਨ ਸਿੰਘ ਉਪਰੋਕਤ ਸਾਕਿਆਂ ਵਿਚ ਸਿੱਖਾਂ ਨੂੰ ਸ਼ਹੀਦ ਕਰਨ ਮਗਰੋਂ ਬਗਲਾ ਬਣ ਕੇ ਹੰਕਾਰ ਵਿਚ ਆ ਕੇ ਆਪਣੇ ਖੰਭ ਖਿੰਡਾਈ ਬੈਠਾ ਸੀ ਕਿ ਕਿਸੇ ਨੇ ਇਸ ਪਾਪੀ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਦੋਜ਼ਖ਼ ਨੂੰ ਤੋਰ ਦਿਤਾ। ਹੁਣ ਇਸ ਦਾ ਪੁਤਰ **ਹਰਦੇਵ ਸਿੰਘ** ਮੋਟਰ ਪਾਰਟਸ ਦੀ ਦੁਕਾਨ ਤੋਂ ਪੁਰਜ਼ੇ ਵੇਚਣ ਦਾ ਕੰਮ ਛੱਡ ਕੇ ਨਕਲੀ ਨਿਰੰਕਾਰੀਆਂ ਦੀ ਗੁਰੂ ਡੰਮ੍ਹ ਦੀ ਝੂਠੀ ਦੁਕਾਨ ਨੂੰ ਚਲਾਉਣ ਲਈ ਦੰਭੀ ਗੁਰੂ ਬਣ ਬੈਠਾ ਹੈ। ਖ਼ਾਲਸਾ ਪੰਥ ਨੂੰ ਸੁਚੇਤ ਰਹਿ ਕੇ ਇਸ ਗੁਰੂ-ਡੰਮ੍ਹ ਦੀ ਦੁਕਾਨ ਦਾ ਡਟਵਾਂ ਵਿਰੋਧ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ ਤਾਂ ਕਿ ਇਹ ਝੂਠ ਦੀ ਦੁਕਾਨ ਭੋਲੇ ਭਾਲੇ ਸਿੱਖਾਂ ਨੂੰ ਵਰਗਲਾ ਨਾ ਸਕੇ।

# ਨਾਮਧਾਰੀ (ਕੂਕਾ ਗੁਰੂ-ਡੰਮ੍ਹ)

ਸਿੱਖ ਧਰਮ ਵਿਚ **ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਰਹਿ ਰਾਈ** ਦਾ ਉਚਤਮ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਪਾਤਸ਼ਾਹੀ ਤੀਕ ੨੩੯ ਬਰਸ ਇਕ-ਰਸ ਜਾਰੀ ਰਿਹਾ ਹੈ।

ਪਹਿਲੇ ਨੌਂ ਸਤਿਗੁਰਾਂ ਦੇ ਸਮੇਂ ਚਰਨ ਪਾਹੁਲ ਲੈ ਕੇ ਲੋਕੀਂ ਸਿੱਖ ਧਰਮ ਵਿਚ ਪ੍ਰਵੇਸ਼ ਪਾਉਂਦੇ ਸਨ ਪਰ ਜੀਵਨ ਦਾਤੇ, ਮਹਾਂਬਲੀ ਤੇ ਸਰਬੰਸ ਦਾਨੀ ਸ੍ਰੀ ਦਸ਼ਮੇਸ਼ ਜੀ ਨੇ ਸੰਨ ੧੬੯੯ ਦੀ ਵੈਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਪੰਜਾਂ ਪਿਆਰਿਆਂ ਤੋਂ ਸੀਸ ਭੇਟ ਲੈ ਕੇ ਉਨ੍ਹਾਂ ਨੂੰ ਚਰਣਾਮਿਤ ਦੇਣ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਾ ਕੇ **'ਖਾਲਸਾ ਮੇਰੋ ਰੂਪ ਹੈ ਖਾਸ'** ਹੋਣ ਦਾ ਮਾਣ ਬਖਸ਼ਿਆ। ਫਿਰ ਉਨ੍ਹਾਂ ਪੰਜਾਂ ਤੋਂ ਆਪ ਅੰਮ੍ਰਿਤ ਛਕ ਕੇ **'ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ'** (ਪੰਨਾ ੪੪੪) ਦੇ ਮਹਾਨ ਆਦਰਸ਼ ਨੂੰ ਸੰਪੂਰਨ ਕੀਤਾ।

ਸ੍ਰੀ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ, ਗੁਰੂ ਮੰਤਰ, ਦੀਖਿਆ ਅਤੇ ਸਿੱਖ ਵਿਧਾਨ ਤੇ ਦੰਡ ਦਾ ਅਧਿਕਾਰ ਦੇ ਕੇ ਸ਼ਖ਼ਸੀ ਗੁਰਤਾ ਨੂੰ ਪੰਥ ਵਿਚ ਅਭੇਦ ਕਰ ਦਿੱਤਾ। ਪਹਿਲਾਂ ਗੁਰੂ ਜੋਤੀ, ਵਿਅਕਤੀ ਰੂਪ ਵਿਚ, ਗੁਰਮੰਤ੍ਰ ਤੇ ਚਰਨ ਪਾਹੁਲ ਦਿੰਦੀ ਸੀ, ਦਸਮ ਪਾਤਸ਼ਾਹ ਨੇ ਉਸ ਨੂੰ ਪੰਜਾਂ ਵਿਚ ਬਦਲ ਦਿੱਤਾ।

ਸ੍ਰੀ ਦਸ਼ਮੇਸ਼ ਜੀ ਨੇ ੭ ਅਕਤੂਬਰ, ਸੰਨ ੧੭੦੮ ਨੂੰ ਸਚਖੰਡ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੀਵਨ ਯਾਤਰਾ ਸਮਾਪਤ ਕਰਨ ਤੋਂ ਪਹਿਲਾਂ ਖ਼ਾਲਸਾ ਜੀ ਨੂੰ ਸੰਬੋਧਨ ਕਰਕੇ ਅੰਤਮ ਬਚਨ ਕੀਤਾ :

**ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।**

**ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ,** ਆਖ ਕੇ ਗੁਰਿਆਈ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ-ਪੰਥ ਨੂੰ ਸੌਂਪ ਦਿਤੀ ਤੇ ਪੰਥ ਦੇ ਵਾਲੀ ਜੋਤੀ ਜੋਤਿ ਸਮਾ ਗਏ। ਗੁਰੂ ਗ੍ਰੰਥ-ਪੰਥ ਨੂੰ ਗੁਰਿਆਈ ਮਿਲਣ ਤੋਂ ਬਾਅਦ ਖਾਲਸਾ ਪੰਥ ਵਿਚ ਸ਼ਖ਼ਸੀ ਗੁਰਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜਿਹੜਾ ਸ਼ਖਸ ਗਿਆਰਵਾਂ, ਬਾਰ੍ਹਵਾਂ ਗੁਰੂ ਮੰਨਦਾ ਹੈ, ਉਹ ਸਿੱਖ ਧਰਮ ਦਾ ਵਿਰੋਧੀ ਤੇ ਮਨਮੁਖ ਹੈ ਤੇ ਉਸ ਨੂੰ ਸਿੱਖੀ ਤੋਂ ਖਾਰਜ ਸਮਝਿਆ ਜਾਣਾ ਚਾਹੀਦਾ ਹੈ।

ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਅਨੇਕਾਂ ਸੰਪਰਦਾਵਾਂ ਹੋਂਦ 'ਚ ਆਈਆਂ ਪਰ ਕਿਸੇ ਵੀ ਸੰਪਰਦਾ ਨੇ ਇਹ ਨਹੀਂ ਮੰਨਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਸ਼ਖਸ ਜਾਂ ਵਿਅਕਤੀ ਨੂੰ ਗੁਰਿਆਈ ਦੇ ਕੇ ਅਗੇ ਗਿਆਰਵੀਂ, ਬਾਰ੍ਹਵੀ ਸ਼ਖ਼ਸੀ ਗੱਦੀ ਚਲਾਈ ਹੈ ਤੇ ਨਾ ਹੀ ਕਿਸੇ ਇਤਿਹਾਸਕਾਰ ਨੇ ਇਹ ਗਲ ਕਿਧਰੇ ਲਿਖੀ ਹੈ। ਪਰ ਦਸਮ ਪਿਤਾ ਤੋਂ ਬਹੁਤ ਸਮਾਂ ਬਾਅਦ ਚਲੀ ਨਾਮਧਾਰੀ ਜਾਂ ਕੂਕਾ ਸੰਪਰਦਾਇ ਦੇ ਲਿਖਾਰੀਆਂ ਨਿਧਾਨ ਸਿੰਘ ਆਲਮ ਤੇ ਇੰਦਰ ਸਿੰਘ ਚਕਰਵਰਤੀ ਨੇ ਵੀਹਵੀਂ ਸਦੀ ਦੇ ਪਹਿਲੇ ਚਰਣ ਵਿਚ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਨੂੰ ਗੁਰੂ ਬਣਾ ਕੇ ਕੂਕਾ ਗੁਰੂ-ਡੰਮ੍ਹ ਦੀ ਡੁਗਡੁਗੀ ਪਿਟਣ ਲਈ ਇਕ ਝੂਠੀ ਤੇ ਬਿਨਾਂ ਸਿਰ-ਪੈਰ ਕਹਾਣੀ ਘੜ ਮਾਰੀ ਹੈ ਕਿ ਦਸ਼ਮੇਸ਼ ਜੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤਿ ਨਹੀਂ ਸਮਾਏ ਸਗੋਂ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਦੀ ਇਕ ਝਿੜੀ ਵਿਚ ਛੁਪੇ ਰਹੇ। ਇਸ ਗੁਰੂ-ਡੰਮ੍ਹ ਨੂੰ ਕਾਮਯਾਬ ਕਰਨ ਲਈ ਕੂਕਿਆਂ ਨੇ ਮਨੋਕਲਪਤ ਤੇ ਝੂਠੀਆਂ ਤਸਵੀਰਾਂ ਵੀ ਛਪਵਾਈਆਂ ਹਨ, ਜਿਨ੍ਹਾਂ ਵਿਚ ਪਰਗਟ ਕੀਤਾ ਗਿਆ ਹੈ ਕਿ ਦਸ਼ਮੇਸ਼ ਜੀ ਨੇ ਹਜ਼ਰੋ, ਜ਼ਿਲ੍ਹਾ ਕੈਂਬਲਪੁਰ, ਵਿਚ ਜਾ ਕੇ ਬਾਬਾ ਬਾਲਕ ਸਿੰਘ ਨੂੰ ਗੱਦੀ ਦਿੱਤੀ।

**ਗੁਰਤਾ ਕਦੋਂ ਦਿੱਤੀ ? ਕਿਸ ਦੇ ਸਾਹਮਣੇ ਦਿਤੀ ? ਇਸ ਦਾ ਕੂਕੇ ਲਿਖਾਰੀਆਂ ਪਾਸ ਕੋਈ ਸਬੂਤ ਨਹੀਂ।**

ਕੂਕਾ ਲਿਖਾਰੀ ਨਿਧਾਨ ਸਿੰਘ ਆਲਮ ਨੇ ੧੯੩੨ ਵਿਚ ਇਹ ਕਲਪਤ ਕਹਾਣੀ 'ਗੁਰੂ ਪਦ ਪ੍ਰਕਾਸ਼' ਵਿਚ ਪ੍ਰਕਾਸ਼ਤ ਕੀਤੀ। ਉਸ ਦਾ ਯੁਕਤੀ ਪੂਰਵਕ ਉਤਰ ਭਾਈ ਸੇਵਾ ਸਿੰਘ ਐਡੀਟਰ 'ਖਾਲਸਾ ਸਮਾਚਾਰ' ਨੇ ਆਪਣੀ ਲੇਖ ਲੜੀ ਤੇ ਪੁਸਤਕ 'ਗੁਰੂ ਪਦ ਨਿਰਨਯ' ਵਿਚ ਦਿਤਾ, ਜਿਸ ਪਰ ਬਹਿਸ ਬੰਦ ਹੋ ਗਈ।

ਸੰਨ ੧੯੩੪ ਵਿਚ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਵਲੋਂ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਚ ਇਕ ਸਰਬ ਸਿੱਖ ਸੰਪਰਦਾਇ ਕਾਨਫਰੰਸ ਕੀਤੀ ਗਈ। ਉਸ ਵਿਚ ਸਰ ਜੋਗਿੰਦਰ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਆਦਿਕ ਮੁਖੀ ਸ਼ਾਮਲ ਸਨ। ਉਸ ਕਾਨਫਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ। ਲੋਕਾਂ ਨੇ ਸਮਝਿਆ ਕਿ ਝਗੜਾ ਮੁਕ ਗਿਆ ਹੈ। ਪਰ ਜਿਸ ਤਰ੍ਹਾਂ ਤਪਦਿਕ ਤੇ ਖਈ ਰੋਗ ਜਾਂਦੇ ਨਹੀਂ, ਇਸੇ ਤਰ੍ਹਾਂ ਗੁਰੂ-ਡੰਮ੍ਹ ਦਾ ਉਹ ਰੋਗ ਗਿਆ ਨਹੀਂ। ਫਿਰ ਉਹੀ ਕਹਾਣੀ, ਕਲਪਤ ਤਸਵੀਰਾਂ ਨਸ਼ਰ ਕਰਨ ਦਾ ਚਾਅ ਕੁਦਿਆ ਹੈ।

ਕੂਕਿਆਂ ਨੇ ਤਰਨ ਸਿੰਘ ਵਹਿਮੀ ਕੋਲੋਂ ਇਕ ਪੁਸਤਕ 'ਨਾਦੇੜ ਤੋਂ ਬਾਅਦ ਦਸਮ ਗੁਰ-ਦਰਸ਼ਨ' ਲਿਖਵਾਈ ਹੈ। ਉਸ ਵਿਚ ਪੁਰਾਣੀਆਂ ਗੱਲਾਂ ਤੇ ਮਿਥਿਆਵਾਦ ਨੂੰ ਹੀ ਦੁਹਰਾਇਆ

ਹੈ। ਬਾਬਾ ਬਾਲਕ ਸਿੰਘ ਨੂੰ ਗੁਰਤਾ ਦੇਣ ਦੀ ਝੂਠੀ ਤੇ ਸਰਕਾਰ ਵਲੋਂ ਜ਼ਬਤ ਹੋ ਚੁਕੀ ਤਸਵੀਰ ਫਿਰ ਦਿਤੀ ਹੈ ਜੋ ਸਾਹਿਤਕਾਰੀ ਦੇ ਨਿਯਮਾਂ ਅਤੇ ਕਾਨੂੰਨ ਦੇ ਵਿਰੁਧ ਹੈ।

ਹੁਣ ਤੱਕ ਕੂਕੇ ਅੰਗਰੇਜ਼ੀ ਨੂੰ ਮਲੇਸ਼ ਭਾਸ਼ਾ ਮੰਨ ਕੇ ਪੜ੍ਹਨ ਤੋਂ ਇਨਕਾਰ ਕਰਦੇ ਰਹੇ ਹਨ। ਫਰਵਰੀ ੧੯੭੧ ਵਿਚ ਇਨ੍ਹਾਂ ਨੇ ਆਰੀਆ ਸਮਾਜੀ ਮਹਾਸ਼ਾ ਸ਼ਿਵ ਲਾਲ ਨੂੰ ਭਾੜੇ ਉਤੇ ਕਰਕੇ ਦਿੱਲੀ ਤੋਂ ਛਪਣ ਵਾਲੀ ਅੰਗਰੇਜ਼ੀ ਦੀ ਚੁਵਰਕੀ 'ਇੰਡੀਅਨ ਪ੍ਰਾਗਰੈਸ' ਜਾਰੀ ਕਰਵਾਈ ਜਿਸ ਵਿਚ ਕੂਕਾ ਗੁਰੂ-ਡੰਮ੍ਹ ਨੂੰ ਸਹੀ ਸਾਬਤ ਕਰਨ ਲਈ ਉਸ ਦੇ ਲਿਖਾਰੀਆਂ ਦੀਆਂ ਗ਼ਲਤ ਮਨੌਤਾਂ ਤੇ ਕਲਪਤ ਕਹਾਣੀਆਂ ਨੂੰ 'ਨਾਦੇੜ ਟੂ ਨਾਭਾ' ਲੇਖ ਲੜੀ ਰਾਹੀਂ ਉਲਥਾਇਆ ਗਿਆ।

ਸਾਡੇ ਦੇਸ਼ ਵਿਚ ਕਈ ਲਿਖਾਰੀ ਅਜੇਹੇ ਮਿਲਦੇ ਹਨ, ਜਿਨ੍ਹਾਂ ਦਾ ਆਪਣਾ ਕੋਈ ਦੀਨ ਈਮਾਨ ਤੇ ਅਕੀਦਾ ਨਹੀਂ ਹੈ। ਉਨ੍ਹਾਂ ਨੂੰ ਗੱਫੇ ਦੇ ਕੇ ਜੋ ਚਾਹੋ ਲਿਖਵਾ ਸਕਦੇ ਹੋ। ਅਜਿਹੇ ਲੋਕਾਂ ਨੂੰ ਇਕ ਨੀਤੀਵਾਨ ਨੇ 'ਕਲਮੀ ਵੇਸਵਾ' ਕਿਹਾ ਹੈ। ਉਹਨਾਂ ਵਿਚੋਂ ਹੀ ਇਹ ਸ਼ਿਵ ਲਾਲ ਇਕ ਹੈ।

ਸ਼ਿਵ ਲਾਲ ਦੇ ਕੂਕਾ ਗੁਰੂ ਡੰਮ੍ਹ ਨੂੰ ਸਿਧ ਕਰਨ ਦੀ ਇਹ ਲੇਖ ਲੜੀ ੨੬ ਦਿਸੰਬਰ ੧੯੭੧ ਨੂੰ ਚੰਦੇ ਦੀ ਕੁਝ ਰਕਮ ਭੇਜੋ ਅਤੇ 'We need your financial Aid' 'ਸਾਨੂੰ ਆਪ ਦੀ ਮਾਇਕ ਸਹਾਇਤਾ ਦੀ ਲੋੜ ਹੈ' ਪਰ ਸਮਾਪਤ ਹੋ ਗਈ। ਇਸ ਦੇ ਲਿਖੇ ਲੇਖਾਂ ਨੂੰ ਸਿੱਖ ਲਿਖਾਰੀਆਂ ਗਿਆਨੀ ਪ੍ਰਤਾਪ ਸਿੰਘ ਜੀ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਤੇ ਐਡੀਟਰ ਗਿਆਨ ਅੰਮ੍ਰਿਤ, ਕੈਪਟਨ ਭਾਗ ਸਿੰਘ ਐਡੀਟਰ ਸਿਖ ਰੀਵੀਊ ਅੰਗਰੇਜ਼ੀ, ਕਲਕਤਾ, ਡਾਕਟਰ ਗੰਡਾ ਸਿੰਘ, ਡਾਕਟਰ ਤਰਲੋਚਨ ਸਿੰਘ ਨੇ ਆਪਣੇ ਜੁਆਬੀ ਲੇਖਾਂ ਰਾਹੀਂ ਗ਼ਲਤ ਸਾਬਤ ਕਰਕੇ ਚੈਲਿੰਜ ਕੀਤਾ, ਜਿਸ ਦਾ ਸ਼ਿਵ ਲਾਲ ਤੇ ਕੂਕੇ ਲਿਖਾਰੀਆਂ ਨੂੰ ਕੋਈ ਉਤਰ ਨਾ ਅਹੁੜਿਆ।

ਸੱਚ ਕਦੀ ਛੁਪ ਨਹੀਂ ਸਕਦਾ। ਝੂਠ ਉਤੇ ਸੌ ਪਰਦਾ ਪਾਉ, ਉਹ ਜ਼ਰੂਰ ਪ੍ਰਗਟ ਹੋ ਜਾਂਦਾ ਹੈ। ਆਕਾਸ਼ ਵਿਚ ਕਿਤਨੇ ਕਾਲੇ ਬੋਲੇ ਬਦਲ ਛਾਏ ਹੋਣ, ਸੂਰਜ ਦੀ ਇਕ ਲਿਸ਼ਕ ਉਨ੍ਹਾਂ ਨੂੰ ਛਿੰਨ-ਭਿੰਨ ਕਰ ਦਿੰਦੀ ਹੈ। ਇਸ ਲਈ ਗੁਰੂ-ਡੰਮ੍ਹ ਬਾਰੇ ਕੂਕਿਆਂ ਦੀ ਮਨ ਘੜਤ ਕਹਾਣੀ ਉਨ੍ਹਾਂ ਦੀਆਂ ਆਪਣੀਆਂ ਆਪਾ ਵਿਰੋਧੀ ਲਿਖਤਾਂ ਤੋਂ ਖੰਡਨ ਹੋ ਜਾਂਦੀ ਹੈ ਅਤੇ ਗਲਤ ਸਾਬਤ ਹੁੰਦੀ ਹੈ।

ਵਿਚਾਰਨ ਵਾਲੀ ਗਲ ਹੈ ਕਿ ਦਸਮੇਸ਼ ਜੀ ੧੭੦੮ ਈ: ਵਿਚ ਜੋਤੀ ਜੋਤ ਸਮਾਏ। ਉਸ ਤੋਂ ੨੦੮ ਸਾਲ ਬਾਅਦ ਤੀਕ ਕਿਸੇ ਸਿੱਖ ਜਾਂ ਗੈਰ ਸਿਖ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਦਸਮੇਸ਼ ਜੀ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਰਹੇ ਤੇ ਉਨ੍ਹਾਂ ਨੇ ਕਿਸੇ ਨੂੰ ਗੱਦੀ ਦਿਤੀ ਹੈ।

ਅਜੀਬ ਤੇ ਸੁਆਦਲੀ ਗਲ ਹੈ ਕਿ ਕੂਕੇ ਜਿਸ ਬਾਬਾ ਅਜਾਪਾਲ ਸਿੰਘ ਨੂੰ ਗੁਰੂ ਦਸਦੇ ਹਨ, ਉਸ ਦੇ ਡੇਰੇ ਦੀ ਯਾਤਰਾ ਲਈ ਨਾ ਬਾਬਾ ਬਾਲਕ ਸਿੰਘ ਤੇ ਨਾ ਬਾਬਾ ਰਾਮ ਸਿੰਘ ਕਦੇ ਗਏ ਸਨ ਤੇ ਨਾ ਹੀ ਅਜ ਤੀਕ ਕਿਸੇ ਕੂਕੇ ਨੇ ਨਾਭੇ ਵਲ ਮੂੰਹ ਕੀਤਾ।

ਜਿਸ ਮਹਾਂਬਲੀ ਨਿਰਭੈ ਯੋਧੇ ਸਤਿਗੁਰੂ ਨੇ ਬਿਤਾਲੀ ਸਾਲ ਗੱਜ ਵਜ ਕੇ ਮੁਗ਼ਲ ਹਕੂਮਤ ਦੇ ਜਬਰ ਜ਼ੁਲਮ ਵਿਰੁਧ ਜਹਾਦ ਕੀਤਾ, ਸਪੱਸ਼ਟ ਤੇ ਖੁਲ੍ਹੀ ਲੜਾਈ ਲੜੀ, ਜਿਸ ਨੇ ਚਮਕੌਰ

ਦੀ ਗੜ੍ਹੀ ਵਿਚੋਂ ਨਿਕਲਣ ਸਮੇਂ ਤਾੜੀ ਮਾਰ ਕੇ ਗੱਜ ਕੇ ਕਿਹਾ ਸੀ – 'ਹਿੰਦ ਦਾ ਪੀਰ ਚਲਿਆ ਹੈ', ਸਭ ਕੁਝ ਵਾਰ ਕੇ ਔਰੰਗਜ਼ੇਬ ਨੂੰ ਦੀਨੇ-ਕਾਂਗੜੇ ਤੋਂ 'ਜ਼ਫਰਨਾਮਾ' (ਜਿੱਤ ਦਾ ਪੱਤਰ) ਲਿਖਿਆ, ਉਸ ਨੇ ਕੀ ਡਿਪਲੋਮੇਸੀ ਵਰਤਣੀ ਸੀ ? ਇਹ ਕਹਿਣਾ ਕਿ ਉਨ੍ਹਾਂ ਨੇ ਆਪਣਾ ਨਾਂ ਤੇ ਭੇਸ ਬਦਲ ਲਿਆ ਅਤੇ ਗੁਪਤ ਰੂਪ ਵਿਚ ਰਹੇ, ਇਹ ਦਸ਼ਮੇਸ਼ ਜੀ ਦੇ ਸ਼ੁਭ ਆਚਰਨ ਦੇ ਉਲਟ ਤੇ ਮਿਥਿਆਵਾਦ ਹੈ।

ਸ੍ਰੀ ਆਲਮ ਤੇ ਇੰਦਰ ਸਿੰਘ ਨੇ ਇਕ ਹੋਰ ਗਲਤ ਬਿਆਨੀ ਕੀਤੀ ਹੈ। ਉਹ ਇਹ ਕਿ "ਭਾਈ ਦਇਆ ਸਿੰਘ ਆਦਿਕ ਆਗੂ ਸਿਖਾਂ ਨੇ ਬਾਕੀ ਸਿਖਾਂ ਨੂੰ ਭੁਲੇਖੇ ਵਿਚ ਪਾਈ ਰਖਿਆ ਕਿ ਗੁਰੂ ਜੀ ਜੋਤੀ ਜੋਤਿ ਸਮਾ ਗਏ ਹਨ ਜਾਂ ਉਨ੍ਹਾਂ ਦਾ ਅੰਤਮ ਸੰਸਕਾਰ ਹੋ ਗਿਆ ਹੈ। ਨਹੀਂ ਤਾਂ ਸਿੱਖ ਜ਼ਰੂਰ ਗੁਰੂ ਜੀ ਦੀ ਢੂੰਡ ਭਾਲ ਕਰਦੇ।"

ਇਹ ਗੱਲ ਇਸ ਲਈ ਗ਼ਲਤ ਹੈ ਕਿ ਸ੍ਰੀ ਦਸਮ ਪਾਤਸ਼ਾਹ ਜੀ ਕਤਕ ਸੁਦੀ ੫ ਸੰਮਤ ੧੭੬੫ (ਸੰਨ ੧੭੦੮) ਨੂੰ ਨਾਂਦੇੜ ਵਿਚ ਜੋਤੀ ਜੋਤਿ ਸਮਾਏ ਸਨ। ਭਾਈ ਦਇਆ ਸਿੰਘ ਜੀ ਉਨ੍ਹਾਂ ਤੋਂ ਇਕ ਮਹੀਨਾ ਪਹਿਲਾਂ ੧੧ ਅੱਸੂ ਸੰਮਤ ੧੭੬੫ ਬਿ: ਨੂੰ ਚਲਾਣਾ ਕਰ ਗਏ ਸਨ।

ਸ੍ਰੀ ਆਲਮ ਤੇ ਚਕ੍ਰਵਰਤੀ ਤੋਂ ਸਮੇਂ ਦਾ ਵੀ ਪੱਖ ਨਹੀਂ ਮਿਲਦਾ। ਦਸਮ ਪਾਤਸ਼ਾਹ ਕਤਕ ਸੁਦੀ ੫ ਸੰਮਤ ੧੭੬੫ ਨੂੰ ਨਾਂਦੇੜ ਵਿਚ ਜੋਤੀ ਜੋਤਿ ਸਮਾਏ। ਬਾਬਾ ਅਜਾਪਾਲ ਸਿੰਘ ਸੰਮਤ ੧੮੩੦ ਬਿ: ਵਿਚ ਨਾਭੇ ਆਏ। ਕੂਕੇ ਦਸਣ ਕਿ ਉਹ ੬੫ ਸਾਲ ਤਕ ਕਿਥੇ ਛੁਪ ਕੇ ਰਹੇ ?

ਇਸ ਤੋਂ ਸਪਸ਼ਟ ਹੈ ਕਿ ਬਾਬਾ ਅਜਾਪਾਲ ਸਿੰਘ ਨੂੰ ਸ੍ਰੀ ਦਸ਼ਮੇਸ਼ ਜੀ ਦਸਣ ਦੀ ਝੂਠੀ ਕਹਾਣੀ ਕੂਕਿਆਂ ਨੇ ਹੁਣ ਘੜੀ ਹੈ।

ਹੁਣ ਅਸੀਂ ਨਾਮਧਾਰੀਆਂ ਦੇ ਮੋਢੀ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਜੀ ਦੇ ਜੀਵਨ ਤੇ ਕੁਝ ਝਾਤ ਮਾਰਦੇ ਹਾਂ।

### ਬਾਬਾ ਬਾਲਕ ਸਿੰਘ

ਬਾਬਾ ਬਾਲਕ ਸਿੰਘ ਜੀ ਦਾ ਜਨਮ ਸੰਮਤ ੧੮੫੬ ਬਿ: (ਸੰਨ ੧੭੯੯) ਵਿਚ ਪਿੰਡ ਸਰਵਾਲਾ ਜ਼ਿਲ੍ਹਾ ਕੈਂਬਲਪੁਰ ਵਿਚ ਭਾਈ ਦਿਆਲ ਸਿੰਘ ਦੇ ਘਰ ਮਾਤਾ ਭਾਗ ਭਰੀ ਦੀ ਕੁੱਖ ਤੋਂ ਸ੍ਰੀ ਦਸ਼ਮੇਸ਼ ਜੀ ਤੋਂ ੯੧ ਸਾਲ ਬਾਅਦ ਹੋਇਆ। ਨਵੀਨ ਕੂਕੇ ਲਿਖਾਰੀਆਂ ਸ੍ਰੀ ਆਲਮ ਤੇ ਚਕ੍ਰਵਰਤੀ ਨੇ ਬਿਨਾਂ ਕਿਸੇ ਸਬੂਤ ਦੇ ਜਨਮ ਸੰਮਤ ੧੮੪੧ ਮਿਥ ਲਿਆ ਹੈ। ਇਸ ਹਿਸਾਬ ਨਾਲ ਉਹ ਦਸਮ ਪਾਤਸ਼ਾਹ ਤੋਂ ੭੬ ਸਾਲ ਬਾਅਦ ਹੋਏ ਹਨ।

ਬਾਬਾ ਜੀ ਪਿੰਡ ਛੋਈ ਜ਼ਿਲ੍ਹਾ ਕੈਂਬਲਪੁਰ ਵਿਚ ਦੁਕਾਨ ਕਰਦੇ ਸਨ। ਉਥੋਂ ਹਜ਼ਰੋ ਆ ਗਏ। ਇਸ ਲਈ ਹਜ਼ਰੋ ਨਿਵਾਸੀ ਪ੍ਰਸਿੱਧ ਹੋਏ ਹਨ।

ਇਕ ਮਨੌਤ ਹੈ ਕਿ ਬਾਬਾ ਜੀ ਨੇ ਉਸ ਇਲਾਕੇ ਦੇ ਇਕ ਸਹਿਜਧਾਰੀ ਗੁਰਮੁਖ ਸਿੱਖ ਭਗਤ ਜਵਾਹਰ ਮਲ ਤੋਂ ਉਪਦੇਸ਼ ਲਿਆ ਤੇ ਭਜਨ ਬੰਦਗੀ ਕਰਕੇ ਪ੍ਰਸਿੱਧ ਹੋਏ। ਆਪ ਦਸਾਂ ਸਤਿਗੁਰੂਆਂ ਨੂੰ ਇਸ਼ਟ ਦੇਵ ਮੰਨਦੇ ਸਨ। ਗੁਰਬਾਣੀ ਦੀ ਵਿਚਾਰ ਸ਼ਬਦ ਕੀਰਤਨ ਦੇ ਬੜੇ ਪ੍ਰੇਮੀ ਸਨ। ਲੋਕੀਂ ਉਨ੍ਹਾਂ ਨੂੰ ਭਾਈ ਸਾਹਿਬ ਕਹਿ ਕੇ ਬੁਲਾਂਦੇ ਤੇ ਸਤਿਕਾਰ ਕਰਦੇ ਸਨ। ਗਿਆਨੀ

ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਜਿਥੇ ਉਦਾਸੀ, ਨਿਰਮਲੇ ਤੇ ਨਿਹੰਗ ਸਿੰਘਾਂ ਦਾ ਹਾਲ ਲਿਖਿਆ ਹੈ, ਉਥੇ ਉਨ੍ਹਾਂ ਬਾਰੇ ਲਿਖਦੇ ਹਨ :

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੇ ਕੇ
ਅੰਬਰ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ।

ਬਾਬਾ ਜੀ ਨੇ ਕਦੀ ਨਹੀਂ ਸੀ ਕਿਹਾ ਕਿ ਉਹ ਸਿੱਖ ਪੰਥ ਦੇ ੧੧ਵੇਂ ਗੁਰੂ ਹਨ ਜਾਂ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਾਪਾਲ ਸਿੰਘ ਦੇ ਰੂਪ ਵਿਚ ਗੁਰਤਾ ਦਿਤੀ ਹੈ। ਉਹ ਤਾਂ ਆਪਣੇ ਆਪ ਨੂੰ ਦਸਾਂ ਸਤਿਗੁਰੂਆਂ ਦੇ ਸਿੱਖ ਮੰਨਦੇ ਸਨ। ਗੁਰਬਾਣੀ ਦੀ ਟੇਕ ਰਖਦੇ ਸਨ। ਭਾਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਜਾਂ ਗਿਆਨੀ ਗਿਆਨ ਸਿੰਘ ਆਦਿਕ ਕਿਸੇ ਸਮਕਾਲੀ ਇਤਿਹਾਸਕਾਰ ਨੇ ਇਹ ਗਲ ਨਹੀਂ ਲਿਖੀ ਹੈ। ਗੁਰਤਾ ਦੀ ਫਰਜ਼ੀ ਕਹਾਣੀ ਸੰਨ ੧੯੩੨ ਈ: ਵਿਚ ਪਹਿਲੀ ਵੇਰ ਸੰਤ ਨਿਧਾਨ ਸਿੰਘ ਆਲਮ ਨੇ ਨਸ਼ਰ ਕੀਤੀ ਹੈ।

## ਬਾਬਾ ਰਾਮ ਸਿੰਘ

ਬਾਬਾ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ ਪੰਚਮੀ ਸੰਮਤ ੧੮੭੨ ਬਿ: (ਸੰਨ ੧੮੧੬) ਨੂੰ ਪਿੰਡ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਤਰਖਾਣ ਦੇ ਘਰ ਮਾਤਾ ਸਦਾ ਕੌਰ ਤੋਂ ਹੋਇਆ। *(ਮਹਾਨ ਕੋਸ਼ ਪੰਨਾ ੧੦੩੩)*

ਆਪ ਦੇ ਮਾਤਾ ਪਿਤਾ ਚੰਗੇ ਗੁਰਸਿੱਖ ਤੇ ਕਿਰਤੀ ਸਨ। ਉਨ੍ਹਾਂ ਦੇ ਵਿਚਾਰਾਂ ਤੇ ਸੰਸਕਾਰਾਂ ਦਾ ਪ੍ਰਭਾਵ ਆਪ ਪਰ ਵੀ ਪਿਆ। ਇਸ ਲਈ ਬਚਪਨ ਤੋਂ ਹੀ ਧਾਰਮਿਕ ਰੁਚੀ ਦੇ ਸਨ।

ਬਾਬਾ ਰਾਮ ਸਿੰਘ ਦਸਾਂ ਸਤਿਗੁਰੂਆਂ ਨੂੰ ਆਪਣਾ ਗੁਰੂ ਮੰਨਦੇ ਸਨ। ਗੁਰਬਾਣੀ ਦੀ ਟੇਕ ਰਖਦੇ ਸਨ। ਸਿਖੀ ਦੇ ਪ੍ਰਚਾਰਕ ਤੇ ਸੁਧਾਰਕ ਸਨ। ਪਰ ਕੂਕਿਆਂ ਨੇ ਜਿਸ ਤਰ੍ਹਾਂ ਬਾਬਾ ਬਾਲਕ ਸਿੰਘ ਦੀ ਗੁਰਤਾ ਦੀ ਕਲਪਤ ਸਾਖੀ ਜੋੜ ਲਈ ਹੈ, ਉਸੇ ਤਰ੍ਹਾਂ ਬਾਬਾ ਰਾਮ ਸਿੰਘ ਨੂੰ ਸ੍ਰੀ ਦਸ਼ਮੇਸ਼ ਜੀ ਦਾ ਅਵਤਾਰ ਤੇ ਬਾਹਰਵਾਂ ਗੁਰੂ ਪ੍ਰਗਟ ਕਰਨ ਲਈ ਮਨਘੜਤ ਦੋਹਰੇ ਤੇ ਸਾਖੀਆਂ ਘੜ ਲਈਆਂ ਹਨ।

ਬਾਬਾ ਰਾਮ ਸਿੰਘ ਨੂੰ ਬਾਹਰਵਾਂ ਗੁਰੂ ਸਿੱਧ ਕਰਨ ਬਾਰੇ ਇਨ੍ਹਾਂ ਦੀਆਂ ਸਾਰੀਆਂ ਲਿਖਤਾਂ ਕਲਪਤ ਤੇ ਮਨਘੜਤ ਹਨ। ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ। ਉਹ ਉਨ੍ਹਾਂ ਦੇ ਅਕੀਦੇ ਦੇ ਉਲਟ ਹਨ।

ਬਾਬਾ ਜੀ ਨੇ ਆਪਣੇ ਇਕ ਪ੍ਰੇਮੀ ਭਾਈ ਰਾਇ ਸਿੰਘ ਪਿੰਡ ਮਦੀਹਰ, ਜ਼ਿਲ੍ਹਾ ਫਿਰੋਜ਼ਪੁਰ, ਨੂੰ ਉਪਦੇਸ਼ ਕਰਦੇ ਹੋਏ ਕਿਹਾ ਸੀ :

**ਗੁਰੂ ਦਸਮ ਦੀ ਰੀਤ ਸੰਭਾਲੋ। ਲੋਕ ਦੂਹਨ ਕੇ ਜੋ ਰਖਵਾਲੋ।**
**ਪਾਂਚ ਕੱਕਾ ਵਾ ਨਾਮ ਸ਼ਨਾਨ। ਦਾਨ ਕ੍ਰਿਆ ਸਤਿਗੁਰ ਸੁਖਦਾਨ।**
**ਗੁਰੂ ਗ੍ਰੰਥ ਮੇਂ ਜੋਈ ਲਿਖਿਆ। ਸੋਈ ਮਨ ਮੇਂ ਧਾਰੋ ਸਿਖਿਆ।**

ਉਨ੍ਹਾਂ ਦੀਆਂ ਅਨੇਕ ਲਿਖਤਾਂ ਤੇ ਚਿਠੀਆਂ ਵਿਚ ਇਹੀ ਖ਼ਿਆਲ ਮਿਲਦੇ ਹਨ, ਜਿਨ੍ਹਾਂ ਤੋਂ ਹੁਣ ਕੂਕੇ ਇਨਕਾਰ ਕਰਨ ਲਗ ਪਏ ਹਨ।

ਬਾਈ ਸਾਲ ਦੀ ਉਮਰ ਸੰਨ ੧੮੩੭ ਵਿਚ ਬਾਬਾ ਜੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋਏ। ਸੰਨ ੧੮੪੬ ਈ:

ਤੀਕ ਉਨ੍ਹਾਂ ਨੇ ਸਿਖ ਫ਼ੌਜ ਦੀ ਨੌਕਰੀ ਕੀਤੀ। ਉਸ ਦੌਰਾਨ ਹੀ ਸੰਨ ੧੮੪੧ ਈ: ਵਿਚ ਹਜ਼ਰੋ ਵਿਚ ਬਾਬਾ ਬਾਲਕ ਸਿੰਘ ਜੀ ਨੂੰ ਮਿਲੇ। ਉਨ੍ਹਾਂ ਦੀ ਸੰਗਤ ਕਰਕੇ ਵਧੇਰੇ ਭਜਨ ਬੰਦਗੀ ਵਿਚ ਜੁੜ ਗਏ। ਉਸ ਵਕਤ ਉਨ੍ਹਾਂ ਦਾ ਫ਼ੌਜ ਜਾਂ ਸਿਖ ਜਨਤਾ ਵਿਚ ਕੋਈ ਪ੍ਰਭਾਵ ਨਹੀਂ ਸੀ। ਕੋਈ ਉਨ੍ਹਾਂ ਨੂੰ ਗੁਰੂ ਨਹੀਂ ਸੀ ਮੰਨਦਾ।

ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਦੇ ਦੇਹਾਂਤ ਬਾਅਦ ਲਾਹੌਰ ਦਰਬਾਰ ਅੰਗਰੇਜ਼ਾਂ, ਡੋਗਰਿਆਂ ਅਤੇ ਸੰਧਾਵਾਲੀਆਂ ਦੀਆਂ ਸਾਜ਼ਿਸ਼ਾਂ ਦੇ ਕਾਰਨ ਖਾਨਾਜੰਗੀ ਦਾ ਅਖਾੜਾ ਬਣ ਗਿਆ। ਅੰਗਰੇਜ਼ ਸਾਮਰਾਜੀ ਸਾਰੇ ਭਾਰਤ ਵਿਚ ਛਾ ਗਏ ਸਨ। ਪੰਜਾਬ ਵਿਚ ਲੜਾਈ ਛੇੜ ਕੇ ਕਬਜ਼ਾ ਕਰਨਾ ਚਾਹੁੰਦੇ ਸਨ। ਡੋਗਰੇ ਤੇ ਸੰਧਾਵਾਲੀਏ ਉਨ੍ਹਾਂ ਦੇ ਹਥ ਠੋਕੇ ਸਨ। ਸੰਨ ੧੮੪੫ ਤੋਂ ੧੮੪੯ ਤੀਕ ਸਿਖਾਂ ਤੇ ਅੰਗਰੇਜ਼ਾਂ ਦੀਆਂ ਜਿਤਨੀਆਂ ਲੜਾਈਆਂ ਹੋਈਆਂ, ਉਨ੍ਹਾਂ ਵਿਚ ਪੰਜਾਬ ਦੀ ਆਜ਼ਾਦੀ ਲਈ ਲੜਨ ਵਾਲੇ ਸ. ਸ਼ਾਮ ਸਿੰਘ ਅਟਾਰੀ, ਸ: ਚਤਰ ਸਿੰਘ, ਸ਼ੇਰ ਸਿੰਘ, ਭਾਈ ਮਹਾਰਾਜ ਸਿੰਘ, ਬਾਬਾ ਬਿਕ੍ਰਮ ਸਿੰਘ ਊਨੇ ਵਾਲੇ, ਸ: ਸੂਰਤ ਸਿੰਘ ਤੇ ਸ: ਅਜੀਤ ਸਿੰਘ ਮੁਖੀ ਸਨ।

ਜਿਵੇਂ ਸ: ਲਹਿਣਾ ਸਿੰਘ ਮਜੀਠੀਆ ਲਾਹੌਰ ਦਰਬਾਰ ਦੀ ਦੁਰਗਤਿ ਵੇਖ ਕੇ ਬਨਾਰਸ ਚਲੇ ਗਏ ਸਨ, ਇਸੇ ਤਰ੍ਹਾਂ ਬਾਬਾ ਰਾਮ ਸਿੰਘ ਫ਼ੌਜੀ ਨੌਕਰੀ ਛਡ ਕੇ ਆਪਣੇ ਪਿੰਡ ਭੈਣੀ (ਅੰਗਰੇਜ਼ੀ ਇਲਾਕੇ) ਵਿਚ ਚਲੇ ਗਏ। ਉਨ੍ਹਾਂ ਨਾਲ ਭਾਈ ਹਰਨਾਮ ਸਿੰਘ ਗੜ੍ਹਦੀਵਾਲਾ ਅਤੇ ਭਾਈ ਕਾਹਨ ਸਿੰਘ ਵੀ ਫੌਜ ਦੀ ਨੌਕਰੀ ਛਡ ਕੇ ਚਲੇ ਗਏ।

ਇੰਦਰ ਸਿੰਘ ਚਕ੍ਰਵਰਤੀ ਨੇ ਬਾਬਾ ਰਾਮ ਸਿੰਘ ਦਾ ਜੀਵਨ ਲਿਖਿਆ ਹੈ। ਉਸ ਦਾ ਨਾਮ ਹੈ 'ਮਾਲਵੇਂਦਰ'। ਉਸ ਵਿਚ ਚਕ੍ਰਵਰਤੀ ਜੀ ਲਿਖਦੇ ਹਨ।

*੧. ਰਫਲ ਸੁਟੀ ਦਰਿਆ ਵਿਚ ਬੈਠੇ ਹੋ ਅਟੰਕ।*
*ਕਿਹਾ ਇਹ ਵੀ ਸੀ ਪਿਆ ਸਾਡੇ ਗਲ ਕਲੰਕ।* *(ਮਾਲਵੇਂਦਰ, ਸਫਾ ੩੯)*
*੨. ਅਸੀਂ ਤੇ ਹੁਣ ਹਾਂ ਚਲਦੇ, ਸਤਿ ਸ੍ਰੀ ਅਕਾਲ।*
*ਆਵੇ ਕਿਸੇ ਜੋ ਚਲਣਾ ਰਲ ਕੇ ਸਾਡੇ ਨਾਲ।* *(ਸਫਾ ੪੧)*

ਰਣ-ਖੇਤਰ ਵਿਚੋਂ ਕਿਸੇ ਸਿਪਾਹੀ ਦਾ ਸ਼ਸਤ੍ਰ ਸੁਟ ਕੇ ਦੌੜ ਜਾਣਾ ਕਾਇਰਤਾ ਸਮਝੀ ਜਾਂਦੀ ਹੈ। ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਇਹ ਲਿਖ ਕੇ ਬਾਬਾ ਜੀ ਨੂੰ ਨੀਵਾਂ ਸਿਧ ਕੀਤਾ ਹੈ।

ਸਿੱਖ ਨੂੰ ਸੰਤ ਸਿਪਾਹੀ ਤੇ ਸ਼ਸਤਰ-ਧਾਰੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਨੇ ਬਣਾਇਆ ਹੈ। ਸ੍ਰੀ ਦਸ਼ਮੇਸ਼ ਪਿਤਾ ਨੇ ਖਾਲਸਾ ਸਾਜ ਕੇ ਕ੍ਰਿਪਾਨ ਨੂੰ ਰਹਿਤ ਵਿਚ ਸ਼ਾਮਲ ਕੀਤਾ।

ਪਰ ਬਾਬਾ ਰਾਮ ਸਿੰਘ ਹੁਰੀਂ ਰਣ ਖੇਤਰ ਵਿਚੋਂ ਬੰਦੂਕ ਸੁਟ ਕੇ ਪਿੰਡ ਚਲੇ ਜਾਣ ਤੇ ਉਸ ਨੂੰ ਕਲੰਕ ਦਸਣ, ਦਸ਼ਮੇਸ਼ ਗੁਰੂ ਦੀ ਰਹਿਤ ਤੇ ਸਿਖਿਆ ਦੇ ਉਲਟ ਹੈ। ਉਨ੍ਹਾਂ ਨੂੰ ਖ਼ਾਲਸਾ ਪੰਥ ਕਿਵੇਂ ਸਤਿਕਾਰ ਦੇ ਸਕਦਾ ਹੈ ?

ਦੂਜੀ ਗੱਲ ਇੰਦਰ ਸਿੰਘ ਚਕ੍ਰਵਰਤੀ ਨੇ ਇਸ ਤੋਂ ਵਧ ਦੁਖਦਾਈ ਲਿਖੀ ਹੈ ਕਿ ਬਾਬਾ ਜੀ ਨੇ ਪਿੰਡ ਜਾ ਕੇ ਭਾਈ ਬੁਧ ਸਿੰਘ ਨੂੰ ਕਿਹਾ ਕਿ ਮੇਰੇ ਕੇਸ ਾਾੜ ਦਿਓ। ਜਿਹਾ ਕਿ:

ਮਹਾਰਾਜ, ਬੁਧ ਸਿੰਘ ਦੇ ਹਥ ਮਿਸ਼ਾਲ ਫੜਾ।
ਕਹਿੰਦੇ ਲਾਉ ਅਸਾਂ ਨੂੰ ਲਹਿਣਾ ਸਿੰਘ ਬੁਝਾ।
ਲਹਿਣਾ ਸਿੰਘ ਜੀ ਆਖਿਆ ਇਉਂ ਨਾ ਸਾੜੇ ਕੇਸ।
ਆਂਹਦੇ ਇਹ ਨਾ ਰਖਣੀ ਸਿਖੀ ਅਸੀਂ ਮਲੇਛ।
ਛੋਟੇ ਛੋਟੇ ਰਹਿ ਗਏ ਬਾਵਰੀਆਂ ਜਿਉਂ ਵਾਲ।

(ਦੇਖੋ ਮਾਲਵੇਂਦਰ ਪੰਨਾ ੪੭)

ਪਾਵਨ ਪਵਿਤ੍ਰ ਗੁਰਬਾਣੀ ਦਾ ਵਾਕ ਹੈ :

**"ਸਾਬਤ ਸੂਰਤਿ ਦਸਤਾਰ ਸਿਰਾ।"**

ਦਸਮ ਪਾਤਸ਼ਾਹ ਦਾ ਫ਼ੁਰਮਾਨ ਹੈ :–

**ਨਿਸ਼ਾਨੇ ਸਿਖੀਂ ਈਂ ਪੰਜ ਹਰਫ ਕਾਫ।**
**ਹਰਗਿਜ਼ ਨਾ ਬਸ਼ਦ ਈਂ ਪੰਜ ਮੁਆਫ।**
**ਕੜਾ ਕਾਰਦੋ ਕਛ ਕੰਘਾ ਬਿਦਾਂ।**
**ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।**

ਰਹਿਤ-ਨਾਮਿਆਂ ਵਿਚ ਅੰਕਤ ਹੈ ਕਿ ਕੇਸ ਕਟਾਉਣ ਵਾਲਾ ਪਤਿਤ ਹੁੰਦਾ ਹੈ। ਅਸੀਂ ਰੋਜ਼ ਅਰਦਾਸ ਵਿਚ ਕਹਿੰਦੇ ਹਾਂ – "ਸਿਖੀ ਕੇਸਾਂ ਸੁਆਸਾਂ ਨਾਲ ਨਿਭੇ।" ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾ ਲਈ, ਪਰ ਕੇਸ ਨਹੀਂ ਕਟਾਏ। ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਦੇ ਕੇਸ ਕਟਣੇ ਚਾਹੇ ਪਰ ਉਨ੍ਹਾਂ ਦੀ ਪਤਨੀ ਨੇ ਨਹੀਂ ਕਟਣ ਦਿਤੇ। ਉਸ ਹਾਲਤ ਵਿਚ ਜਿਹੜੇ ਬਾਬਾ ਰਾਮ ਸਿੰਘ ਆਪਣੇ ਛੋਟੇ ਭਾਈ ਬੁਧ ਸਿੰਘ ਨੂੰ ਖੁਦ ਕਹਿਣ ਕਿ 'ਮੇਰੇ ਕੇਸ ਸਾੜ ਦੇ' ਉਹ ਤਾਂ ਸਿੱਖ ਵੀ ਨਹੀਂ ਹੋ ਸਕਦੇ।

ਤੀਸਰੀ ਗਲ ਇੰਦਰ ਸਿੰਘ ਚਕ੍ਰਵਰਤੀ ਨੇ ਅਤਿ ਦੁਖਦਾਈ ਲਿਖੀ ਹੈ ਕਿ ਬਾਬਾ ਰਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਾੜ ਦਿਤੀ। ਚਕ੍ਰਵਰਤੀ ਜੀ ਲਿਖਦੇ ਹਨ :–

ਲੈ ਕੇ ਬੀੜ ਦਰਬਾਰ ਦੀ, ਉਪਰ ਬਾਲਣ ਪਾਇ।
ਸਫਾ ਫੂਹੜੀਆਂ ਵਿਚ ਧਰ, ਤੀਲੀ ਦਿਤੀ ਲਾਇ।

(ਮਾਲਵੇਂਦਰ, ਪੰਨਾ ੨੭)

ਰਣ-ਖੇਤਰ ਵਿਚੋਂ ਬੰਦੂਕ ਸੁੱਟ ਕੇ ਨਠਣਾ ਕਾਇਰਤਾ ਹੈ। ਕੇਸ ਸਾੜਨੇ ਕੁਰਹਿਤ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਸਾੜਨੀ ਪਾਪ ਹੈ।

ਇਹ ਤਿੰਨੇ ਗੱਲਾਂ ਸਿਖੀ ਆਚਰਣ ਅਤੇ ਰਹਿਣੀ ਦੇ ਬਿਲਕੁਲ ਉਲਟ ਹਨ। ਮਾਨਸਕ ਕਮਜ਼ੋਰੀ ਤੇ ਨਿਰਾਸਤਾ ਦਾ ਸਬੂਤ ਹਨ। ਬੀੜ ਸਾੜਨ ਦੀ ਕਹਾਣੀ ਇਸ ਲਈ ਜੋੜੀ ਗਈ ਜਾਪਦੀ ਹੈ ਕਿ ਕੂਕਿਆਂ ਵਿਚੋਂ ਗੁਰਬਾਣੀ ਦਾ ਸਤਿਕਾਰ ਕਤਈ ਖਤਮ ਕਰਕੇ ਉਨ੍ਹਾਂ ਨੂੰ ਸ਼ਖਸੀ ਗੁਰੂ ਡੰਮ੍ਹ ਦੇ ਜਾਲ ਵਿਚ ਵਧੇਰੇ ਜਕੜ ਦਿਤਾ ਜਾਵੇ।

ਇਕ ਵਾਰ ਜਦੋਂ ਬਾਬਾ ਰਾਮ ਸਿੰਘ ਦੀਪ ਮਾਲਾ ਦੇ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ ਤਾਂ ਸ੍ਰੀ ਅਕਾਲ ਤਖ਼ਤ ਹਾਜ਼ਰ ਹੋਏ। ੧੦੦ ਰੁਪਿਆ ਭੇਟਾ ਕਰਕੇ

ਅਰਦਾਸ ਲਈ ਕਿਹਾ। ਪੁਜਾਰੀਆਂ ਨੇ ਉਨ੍ਹਾਂ ਦੀ ਅਰਦਾਸ ਨਹੀਂ ਕੀਤੀ। ਬਾਬਾ ਜੀ ਨੇ ਪੁਜਾਰੀਆਂ ਨੂੰ ਕਿਹਾ – **'ਅਰਦਾਸ ਜ਼ਰੂਰ ਕਰੋ। ਆਪ ਸਾਨੂੰ ਯਥਾਯੋਗ ਤਨਖਾਹ ਲਾਵੋ, ਸਾਨੂੰ ਪ੍ਰਵਾਨ ਹੈ। ਪਰ ਪੰਥ ਵਿਚ ਫੁਟ ਨਾ ਪਾਉ, ਮੈਂ ਗੁਰੂ ਨਹੀਂ ਮੈਂ ਤਾਂ ਗੁਰੂ ਦਾ ਦਾਸ ਹਾਂ।'**

ਬਾਬਾ ਰਾਮ ਸਿੰਘ ਨੀਲੇ ਬਸਤ੍ਰ ਸਜਾਂਦੇ ਅਤੇ ਦਸਤਾਰ ਵਿਚ ਖੰਡਾ ਰਖਦੇ ਸਨ। ਉਨ੍ਹਾਂ ਦੇ ਸਾਥੀ ਨਿਹੰਗ ਹਰਨਾਮ ਸਿੰਘ ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਤੇ ਭਾਈ ਕਾਹਨ ਸਿੰਘ ਵੀ ਨੀਲੇ ਬਸਤ੍ਰ ਰਖਦੇ ਸਨ।

ਬਾਬਾ ਰਾਮ ਸਿੰਘ ਨੇ ਫ਼ੌਜ ਵਿਚ ਭਰਤੀ ਹੋਣ ਸਮੇਂ ਭਾਈ ਮਹਾਰਾਜ ਸਿੰਘ ਜੀ ਤੋਂ ਅੰਮ੍ਰਿਤ ਛਕਿਆ, ਜੋ ਬੜੇ ਇਨਕਲਾਬ ਪਸੰਦ ਸਨ ਤੇ ਜਿਨ੍ਹਾਂ ਨੇ ਵਿਦੇਸ਼ੀ ਰਾਜ ਵਿਰੁੱਧ ਜ਼ੋਰਦਾਰ ਸੰਗਰਾਮ ਕੀਤਾ। ਚੂੰਕਿ ਬਾਬਾ ਬਾਲਕ ਸਿੰਘ ਸਿਆਸੀ ਰੁਚੀ ਦੇ ਨਹੀਂ ਸਨ, ਇਸ ਲਈ ਉਨ੍ਹਾਂ ਨੇ ਰਾਮ ਸਿੰਘ ਨੂੰ ਭਜਨ ਬੰਦਗੀ ਦੀ ਹੀ ਵਧੇਰੇ ਪ੍ਰੇਰਨਾ ਕੀਤੀ। ਆਪ ਨੇ ਉਸੇ ਮਾਰਗ ਨੂੰ ਅਪਣਾਇਆ। ਇਸ ਲਈ ਆਪ ਦੇ ਸਤਿਸੰਗੀਆਂ ਦਾ ਨਾਮਧਾਰੀ ਨਾਮ ਪ੍ਰਚਲਤ ਹੋਇਆ। ਫਿਰ ਕੁਝ ਲੋਕ ਸ਼ਬਦ ਕੀਰਤਨ ਵਿਚ ਕੂਕਾਂ ਮਾਰਨ ਅਤੇ ਨੱਚਣ ਲਗ ਪਏ, ਜਿਸ ਤੋਂ 'ਕੂਕਾ' ਸ਼ਬਦ ਪ੍ਰਸਿਧ ਹੋਇਆ, ਭਾਈ ਕਾਹਨ ਸਿੰਘ ਵਾਂਗ ਗਿਆਨੀ ਗਿਆਨ ਸਿੰਘ ਨੇ ਵੀ ਇਹੀ ਲਿਖਿਆ ਹੈ :

*ਸਹੀ ਨਾਮਧਾਰੀ ਆਹਿ ਤਿਨਕੋ ਉਚਾਰੀ,*
*ਕੂਕਾਂ ਮਾਰਨੇ ਤੇ ਕੂਕੇ ਜਗਤ ਬਖਾਨ ਹੈਂ।*

ਉਸ ਵਕਤ ਅੰਗਰੇਜ਼, ਕਿਸੇ ਮੁਖੀ ਦੁਆਲੇ ਸਿੱਖਾਂ ਦਾ ਇਕੱਤਰ ਹੋਣਾ ਖ਼ਤਰਨਾਕ ਸਮਝਦੇ ਸਨ, ਇਸ ਲਈ ਉਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਨਾਲ ਸੀ. ਆਈ. ਡੀ. ਦੇ ਅਜਿਹੇ ਬੰਦੇ ਜਾ ਦਿਤੇ, ਜਿਹੜੇ ਉਨ੍ਹਾਂ ਨੂੰ ਦਸ਼ਮੇਸ਼ ਜੀ ਦਾ ਅਵਤਾਰ ਤੇ ਖਾਲਸਾ ਪੰਥ ਦਾ ਬਾਹਰਵਾਂ ਗੁਰੂ ਪ੍ਰਗਟ ਕਰਨ। ਇਸ ਦਾ ਮਕਸਦ ਇਹ ਸੀ ਕਿ ਸਿਖਾਂ ਵਿਚ ਵਿਰੋਧਤਾ ਹੋਵੇ।

ਇਸ ਤਰ੍ਹਾਂ ਕੁਟਲ ਨੀਤੀਵਾਨ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੁਪਾਸੜ ਕੁੜਿਕੀ ਵਿਚ ਫਸਾ ਕੇ ਖਤਮ ਕਰਨ ਦਾ ਜਤਨ ਕੀਤਾ। ਭੋਲੇ ਭਾਲੇ ਕੂਕੇ ਅੰਗਰੇਜ਼ਾਂ ਦੇ ਤਣੇ ਹੋਏ ਗੁਰੂ-ਡੰਮ੍ਹ ਦੇ ਜਾਲ ਵਿਚ ਫਸ ਗਏ। ਜਿਸ ਦਾ ਨਤੀਜਾ ਇਹ ਹੋਇਆ ਕਿ ਕੂਕਾ ਲਹਿਰ ਦੀ ਪੋਜ਼ੀਸ਼ਨ ਸਿਖਾਂ 'ਚ ਖਰਾਬ ਹੋਈ।

ਕੂਕਿਆਂ ਨੇ ੧੪-੧੫ ਜੂਨ ੧੮੭੧ ਨੂੰ ਅੰਮ੍ਰਿਤਸਰ ਵਿਚ ਬੁੱਚੜ ਵੱਢੇ। ਜਿਸ ਤੇ ਚਾਰ ਨਾਮਧਾਰੀਆਂ ਨੂੰ ਰਾਮ ਬਾਗ ਅੰਮ੍ਰਿਤਸਰ ਦੇ ਇਕ ਬੋਹੜ ਨਾਲ ਫ਼ਾਂਸੀ ਦੀ ਸਜ਼ਾ ਹੋਈ। ੧੪-੧੫ ਜਨਵਰੀ ੧੮੭੨ ਨੂੰ ਕੂਕਿਆਂ ਨੇ ਮਲੌਦ ਤੇ ਮਲੇਰ ਕੋਟਲੇ ਤੇ ਹਮਲਾ ਕੀਤਾ। ਇਸ ਗੜਬੜ ਕਰਨ ਕਰਕੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਲੁਧਿਆਣਾ ਨੇ ੫੦ ਕੂਕੇ ਤੋਪਾਂ ਨਾਲ ਉਡਵਾ ਦਿਤੇ। ਬਾਬਾ ਰਾਮ ਸਿੰਘ ੧੭-੧੮ ਜਨਵਰੀ ਦੀ ਰਾਤ ਨੂੰ ਲੁਧਿਆਣੇ ਪੁਜ ਗਏ। ਉਹਨਾਂ ਨੂੰ ਪੰਜ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਬਰਮਾ ਵਿਚ ਜਲਾਵਤਨ ਕੀਤਾ ਗਿਆ। ਸੰਨ ੧੮੮੫ ਈ: ਵਿਚ ਮੌਲਮੀਨ (ਬਰਮਾ) ਵਿਚ ਬਾਬਾ ਜੀ ਦਾ ਦੇਹਾਂਤ ਹੋਇਆ। ਜਿਸ ਨੂੰ ਕੂਕੇ ਮੰਨਣ ਤੋਂ ਇਨਕਾਰੀ ਹਨ।

ਭੈਣੀ ਵਿਚ ਪੁਲੀਸ ਦੀ ਚੌਕੀ ਬਿਠਾ ਦਿਤੀ। ਅੰਗਰੇਜ਼ਾਂ ਨੇ ਕੂਕਿਆਂ ਨੂੰ ਏਨਾ ਦਬਕਾ ਦਿਤਾ ਕਿ ਬਾਬਾ ਜੀ ਦੀ ਜਲਾਵਤਨੀ ਦੀ ਅੱਧੀ ਸਦੀ ਬਾਅਦ ਤੀਕ ਕਿਸੇ ਨੇ ਕੋਈ ਕੁਰਬਾਨੀ

ਨਹੀਂ ਕੀਤੀ। ਸਰਕਾਰ ਅੰਗਰੇਜ਼ੀ ਵਿਰੁਧ ਕੋਈ ਬੋਲਿਆ ਤਕ ਨਹੀਂ।

ਅੰਗਰੇਜ਼ਾਂ ਦੇ ਦਬਕਾਏ ਹੋਏ ਕੂਕਿਆਂ ਨੇ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਨੂੰ ਤਿਆਗ ਦਿਤਾ, ਜੋ ਫ਼ੌਜੀ ਬਾਣਾ ਸੀ। ਚੰਡੀ ਦੀ ਵਾਰ ਤੇ ਸ਼ਸਤ੍ਰ ਨਾਮ ਮਾਲਾ ਪੜ੍ਹਦੇ ਹੋਏ ਕ੍ਰਿਪਾਨ ਲਾਹ ਸੁੱਟੀ। ਉਸ ਦੀ ਥਾਂ ਉੱਨ ਦੀ ਮਾਲਾ ਪਾ ਲਈ। ਕੜਾਹ ਪ੍ਰਸ਼ਾਦ ਕ੍ਰਿਪਾਨ ਭੇਟ ਕਰਨਾ ਛਡ ਦਿੱਤਾ, ਜਿਸ ਦੀ ਮਰਯਾਦਾ ਛੇਵੇਂ ਸਤਿਗੁਰੂ ਤੋਂ ਚਲੀ ਆ ਰਹੀ ਸੀ। ਸ਼ਸਤਰ ਤਿਆਗ ਕੇ ਉੱਨ ਦੀ ਮਾਲਾ ਤੇ ਪਿੱਤਲ ਦੇ ਗੜਵੇ ਦੇ ਧਾਰਨੀ ਹੋ ਗਏ।

ਬਾਬਾ ਰਾਮ ਸਿੰਘ ਜੀ ਆਪਣੀ ਦਸਤਾਰ ਵਿਚ ਖੰਡਾ ਰੱਖਦੇ ਸਨ। ਉਨ੍ਹਾਂ ਦੀਆਂ ਸਾਰੀਆਂ ਪੁਰਾਤਨ ਤਸਵੀਰਾਂ ਵਿਚ ਖੰਡਾ ਮਿਲਦਾ ਹੈ, ਪਰ ਉਨ੍ਹਾਂ ਦੇ ਜਾਨਸ਼ੀਨਾਂ ਦੀ ਦਸਤਾਰ ਵਿਚੋਂ ਖੰਡਾ ਅਲੋਪ ਹੋ ਗਿਆ। ਸ਼ਸਤਰਧਾਰੀ ਬੁਚੜਾਂ ਨੂੰ ਵੱਢਣ ਤੇ ਹੱਲੇ ਦੇ ਬੀਰ ਰਸ ਵਾਲੇ ਸ਼ਬਦ ਪੜ੍ਹਨ ਵਾਲੇ ਕੂਕੇ, ਅੰਗਰੇਜ਼ ਨੇ ਏਨੇ ਯਰਕਾਏ ਕਿ ਉਹ ਆਪਣੇ ਆਪ ਨੂੰ ਵੈਸ਼ਨਵ ਅਤੇ ਹਿੰਸਕ ਦਸਣ ਲਗ ਪਏ।

ਬਰਮਾ ਤੋਂ ਜੋ ਚਿੱਠੀਆਂ ਬਾਬਾ ਜੀ ਨੇ ਲਿਖੀਆਂ ਉਹਨਾਂ ਦਾ ਕੁਝ ਵੇਰਵਾ ਹੇਠਾਂ ਦਿਤਾ ਜਾਂਦਾ ਹੈ।

੧. ਦੇਹਾਂ ਦਾ ਮੇਲਾ ਤੇ ਅਨਿਤ ਹੈ। ਜੋ ਸ਼ਬਦ ਸੇ ਮਿਲੇਗਾ, ਉਹ ਸਦਾ ਹੀ ਮਿਲਿਆ ਰਹੇਗਾ। ਇਕ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ। 'ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ। ਜੋ ਸਿਖ ਮਿਲਬੋ ਚਹੈ ਖੋਜ ਇਨਹੀਂ ਮੇ ਲੇਹ।' ਹੋਰ ਗੁਰੂ ਜੀ ਨੇ ਲਿਖਿਆ ਹੈ – 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।' *(ਚਿਠੀ ੪੬)*

੨. ਹੋਰ ਭਾਈ ਦਸਾਂ ਪਾਤਸ਼ਾਹੀਆਂ ਦੇ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਅਸਥਾਪਨ ਕਰ ਗਏ ਹੈਂ। ਜੋ ਸਦਾ ਇਸਥਿਤ ਹੈਂ, ਹੋਰ ਗੁਰੂ ਕੋਈ ਨਹੀਂ। *(ਚਿਠੀ ਨੰ. ੫੫)*

੩. ਤੁਸੀਂ ਗੁਰੂ ਗ੍ਰੰਥ ਜੀ ਦਾ ਧਿਆਨ ਧਰਨਾ। ਗੁਰੂ ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹਨ ਪ੍ਰਤੱਖ। *(ਚਿੱਠੀ ਨੰ. ੫੭)*

੪. ਬਾਬਾ ਰਾਮ ਸਿੰਘ ਜੀ, ਸਾਥੀਆਂ ਦੇ ਪੁਛ ਕਰਨ ਪਰ ਇਕ ਚਿਠੀ ਵਿਚ ਲਿਖਦੇ ਹਨ–

'ਸਮੂੰਹ ਸੰਗਤ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾਣੀ ਵਾਚਣੀ ਜੀ। ਭੋਗ ਗੁਰੂ ਗਰੰਥ ਸਾਹਿਬ ਦੇ ਪਾਉ, ਜਿਤਨੇ ਪੁਜ ਆਉਣ। *(ਅਰਦਾਸ ਤੀਸਰੀ)*

੫. ਬਾਬਾ ਜੀ ਦੇ ਜੀਵਨ ' ਚ ਇਹ ਘਟਨਾ ਵੀ ਆਉਂਦੀ ਹੈ ਕਿ ਇਕ ਵੇਰ ਕੁਝ ਸਾਧੂ ਇਕ ਪੋਥੀ ਚੁਕੀ ਆ ਰਹੇ ਸਨ। ਆਪ ਨੇ ਉਨ੍ਹਾਂ ਨੂੰ ਪੁਛਿਆ – 'ਇਹ ਕੀ ਹੈ ?' ਸਾਧੂਆਂ ਨੇ ਕਿਹਾ – ਸ੍ਰੀ ਮਦ ਭਾਗਵਤ।

ਬਾਬਾ ਜੀ ਨੇ ਬਚਨ ਕੀਤਾ – 'ਅਸੀਂ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਸਮਝਦੇ ਸੀ। ਸਾਨੂੰ ਕੀ ਪਤਾ ਸੀ ਕਿ ਤੁਸੀਂ ਕਚੀ ਬਾਣੀ ਚੁਕੀ ਫਿਰਦੇ ਹੋ।'

੬. ਬਾਬਾ ਜੀ ਆਪਣੇ ਆਪ ਨੂੰ ਗੁਰੂ ਨਹੀਂ ਮੰਨਦੇ ਸਨ। ਇਕ ਪੜ੍ਹਕਾ ਵਿਚ ਲਿਖਦੇ ਹਨ – 'ਜਦ ਅਰਦਾਸ ਲਿਖਣ ਲਗਦੇ ਹਾਂ, ਤਦੋਂ ਹੀ ਗੁਰੂ ਸਾਹਿਬ ਅਗੇ ਦੋਇ ਕਰ ਜੋੜ

ਕੇ ਬੇਨਤੀ ਕਰਦੇ ਹਾਂ, ਹੇ ਗੁਰੂ ਸਾਹਿਬ ਜੋ ਤੈਨੂੰ ਹਛੀ ਲਗੇ, ਸੋ ਮੇਰੇ ਤੇ ਲਿਖਾਈਂ/ਜੋ ਮੇਰੇ ਤੇ ਲਿਖਵਾਂਦੇ ਹਨ, ਮੈਂ ਸੰਗਤ ਓਰ ਲਿਖ ਭੇਜਦਾ ਹਾਂ।

ਬਾਬਾ ਰਾਮ ਸਿੰਘ ਜੀ ਦੀਆਂ ਬਰਮਾ ਵਿਚੋਂ ਜੋ ਚਿਠੀਆਂ ਤੇ ਅਰਦਾਸਾਂ ਭਾਈ ਹਰਨਾਮ ਸਿੰਘ ਰਾਹੀਂ ਆਈਆਂ, ਉਹ ਭਾਈ ਸੰਤੋਖ ਸਿੰਘ ਪਿੰਡ ਮੋਦ ਗਿਲ, ਜ਼ਿਲ੍ਹਾ ਗੁਰਦਾਸਪੁਰ ਪਾਸ ਇਕ ਪੋਥੀ ਦੇ ਰੂਪ ਵਿਚ ਸਨ। ਸੰਨ ੧੯੨੭-੨੮ 'ਚ ਉਹ ਪੋਥੀ ਬਾਬਾ ਪ੍ਰਤਾਪ ਸਿੰਘ ਕੋਲ ਆਈ। ਉਨ੍ਹਾਂ ਨੇ ਸੰਤ ਟਹਿਲ ਸਿੰਘ ਨਿਹੰਗ ਨੂੰ ਉਤਾਰਾ ਕਰਨ ਲਈ ਦਿਤੀ। ਉਤਾਰੇ ਤੋਂ ਪਹਿਲਾਂ ਸਾਰੀਆਂ ਚਿਠੀਆਂ ਸੁਣੀਆਂ। ਜਿਸ ਥਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਗੁਰਤਾ ਦਾ ਜ਼ਿਕਰ ਆਇਆ ਜਾਂ ਲਿਖਿਆ ਸੀ ਕਿ ਬਾਬਾ ਜੀ ਗੁਰੂ ਨਹੀਂ ਹਨ, ਬਾਬਾ ਪ੍ਰਤਾਪ ਸਿੰਘ ਨੇ ਉਨ੍ਹਾਂ ਪਰ ਲਾਲ ਸਿਆਹੀ ਫੇਰ ਦਿਤੀ। ਨਿਹੰਗ ਟਹਿਲ ਸਿੰਘ ਨੇ ਉਸ ਪੋਥੀ ਦੇ ਦੋ ਉਤਾਰੇ ਕਰ ਲਏ। ਇਕ ਬਾਬਾ ਪ੍ਰਤਾਪ ਸਿੰਘ ਨੂੰ ਸੁਣਾ ਦਿਤਾ, ਦੂਜਾ ਕੋਲ ਰਖ ਲਿਆ। ਬਾਬਾ ਜੀ ਨੇ ਉਹ ਪੋਥੀ (ਰਾਮਸਰ) ਭੈਣੀ ਦੇ ਖੂਹ ਲਾਗੇ ਘਿਉ ਵਿਚ ਭਿਉਂ ਕੇ ਕੜਾਹੀ ਵਿਚ ਪਾ ਕੇ ਸੜਵਾ ਦਿਤੀ। ਨਿਹੰਗ ਟਹਿਲ ਸਿੰਘ ਨੇ ਉਸ ਦਾ ਉਤਾਰਾ ੧੯੩੮ ਵਿਚ ਪ੍ਰਕਾਸ਼ਤ ਕਰਵਾ ਦਿਤਾ। ਉਸ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਕਿਤਨੀ ਤਬਦੀਲੀ ਕੀਤੀ ਗਈ ਹੈ।

ਬਾਬਾ ਜੀ ਦੇ ਸੱਠ ਸਾਲ ਪਿਛੋਂ ਤੀਹ ਚਾਲੀ ਸਾਲਾਂ ਵਿਚ ਨਵੀਨ ਕੂਕੇ ਲਿਖਾਰੀਆਂ– ਸ੍ਰੀ ਆਲਮ ਤੇ ਚਕ੍ਰਵਰਤੀ ਨੇ ਜੋ ਲਿਖਤਾਂ ਲਿਖੀਆਂ ਹਨ, ਉਨ੍ਹਾਂ ਵਿਚ ਨਾਮਧਾਰੀਆਂ ਨੂੰ ਖਾਲਸਾ ਪੰਥ ਨਾਲੋਂ ਵਿਛੋੜਨ ਦਾ ਜਤਨ ਕੀਤਾ ਗਿਆ ਹੈ। ਉਨ੍ਹਾਂ ਨੇ ਮਿਤ੍ਰਤਾ ਦੀ ਆੜ ਵਿਚ ਦੁਸ਼ਮਣੀ ਕੀਤੀ ਹੈ।

ਬਾਬਾ ਰਾਮ ਸਿੰਘ ਸਤਿਗੁਰੂ ਨਹੀਂ ਸਨ ਅਖਵਾਉਂਦੇ। ਉਹ ਕਹਿੰਦੇ ਸਨ – ਮੈਂ ਸਤਿਗੁਰੂ ਦਾ ਪਹਿਰੂਆਂ ਹਾਂ। ਅਜ ਬਾਬਾ ਰਾਮ ਸਿੰਘ ਨੂੰ ਮੰਨਣ ਵਾਲੇ ਕਿਸ ਮੂੰਹ ਨਾਲ ਕਹਿੰਦੇ ਹਨ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ।

'ਸਤਿਜੁਗ' ਦੇ ਸ਼ਤਾਬਦੀ ਅੰਕ ਵਿਚ ਲਿਖਿਆ ਹੈ ਕਿ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੬੩ ਬਿ: ਤੋਂ ੨੦੧੬ ਤਕ ਤ੍ਰਿਵੰਜਾ ਸਾਲ ਲਗਾਤਾਰ ਕਈ ਵਾਰ ਇਕੋਤ੍ਰ ਸੌ ਅਖੰਡ ਪਾਠ ਕਰਵਾਏ ਹਨ। ਜੇ ਕੂਕੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਨਿਤਨੇਮ, ਅਖੰਡ ਪਾਠ ਤੇ ਕੀਰਤਨ ਕਰਨ ਦੀ ਕੀ ਲੋੜ ਹੈ ? ਉਹ ਆਪਣੇ ਅਸਥਾਨਾਂ ਤੇ ਦੀਵਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ ਕਰਦੇ ਹਨ ?

ਨਾਮਧਾਰੀਆਂ ਵਿਚ 'ਵਰਨੀਆ' ਕਰਨ ਪਰ ਬੜਾ ਜ਼ੋਰ ਦਿਤਾ ਜਾਂਦਾ ਹੈ। ਇਕ 'ਵਰਨੀ' ਵਿਚ ਕਿਸੇ ਬਾਣੀ ਜਾਂ ਸ਼ਬਦ ਦੇ ੨੭੦੦ ਪਾਠ ਕੀਤੇ ਜਾਂਦੇ ਹਨ। ਜੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਣਾ ਤਾਂ ਵਰਨੀਆਂ ਦਾ ਕੀ ਲਾਭ ਹੈ ?

ਸੈਂਕੜੇ ਥਾਵਾਂ ਤੇ ਕੂਕੇ ਗਰੰਥੀ ਤੇ ਪਾਠੀ ਸਪਤਾਹ ਜਾਂ ਅਖੰਡ ਪਾਠ ਕਰ ਕੇ ਪੂਜਾ ਭੇਟ ਲੈਂਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਖਲੋ ਕੇ ਅਰਦਾਸ ਕਰਦੇ ਹਨ। ਅਰਦਾਸ ਹਮੇਸ਼ਾਂ ਆਪਣੇ ਇਸ਼ਟ ਦੇ ਸਾਹਮਣੇ ਕਰੀਦੀ ਹੈ। ਕੀ ਉਹ ਪਖੰਡ ਕਰਦੇ ਹਨ ?

ਗੁਰਬਾਣੀ ਦਾ ਨਿਤਨੇਮ, ਕੀਰਤਨ ਤੇ ਪਾਠ ਕਰਦਿਆਂ ਉਸ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਨਾ ਬਹੁਤ ਬੇਕੂਕੀ, ਬੇ-ਦਲੀਲੀ, ਹਾਸੋ-ਹੀਣੀ ਗੱਲ ਹੈ।

ਜੇ ਇਨ੍ਹਾਂ ਨੇ ਗੁਰਬਾਣੀ ਦਾ ਸਤਿਕਾਰ ਨਹੀਂ ਕਰਨਾ ਤਾਂ ਉਪਰੋਕਤ ਗੱਲਾਂ ਕਰਨ ਦੀ ਕੋਈ ਲੋੜ ਨਹੀਂ। ਗੁਰਬਾਣੀ ਦਾ ਪਾਠ-ਕੀਰਤਨ ਕਰਦਿਆਂ ਫਿਰ ਸ੍ਰੀ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਨਾ ਕਰਨਾ 'ਤਾਲੋਂ ਉੱਖੜੀ ਡੂਮਣੀ ਗਾਵੇ ਤਾਲ ਬੇਤਾਲ' ਵਾਲੀ ਪੋਜ਼ੀਸ਼ਨ ਹੈ।

ਅਸੀਂ ਨਾਮਧਾਰੀ ਵੀਰਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਹੁਣ ਮਜ਼ਬ ਵਿਚ ਸ਼ਖਸੀ ਪੂਜਾ ਨਹੀਂ ਚੱਲ ਸਕਦੀ। ਇਸ ਲਈ ਯੁੱਗ ਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਗੁਰੂ ਗਰੰਥ ਤੇ ਪੰਥ' ਦਾ ਜੋ ਸੁਨਹਿਰੀ ਅਸੂਲ ਦੱਸਿਆ ਹੈ, ਉਸ ਨੂੰ ਪ੍ਰਵਾਨ ਕਰਦੇ ਹੋਏ ਗੁਰਮਤਿ ਧਾਰਨੀ ਬਣਨ।